**ਬੀ. ਏ. ਭਾਗ ਤੀਜਾ** **ਸਮਾਜ ਵਿਗਿਆਨ**
**(ਸਮੈਸਟਰ ਪੰਜਵਾਂ)**

**ਯੂਨਿਟ 1**

**ਪਾਠ ਨੰ :**


1.1 : ਅਗਸਤ ਕੌਂਤ

1.2 : ਹਰਬਰਟ ਸਪੈਂਸਰ

1.3 : ਕਾਰਲ ਮਾਰਕਸ (ਜਮਾਤੀ ਸੰਘਰਸ਼)

1.4 : ਕਾਰਲ ਮਾਰਕਸ (ਇਤਿਹਾਸਿਕ ਪਦਾਰਥਵਾਦ ਅਤੇ ਆਧਾਰ ਤੇ ਢਾਂਚਾ)

1.5 : ਮੈਕਰ ਵੈਬਰ ( Interpretative Sociology ਤੇ ਸਮਾਜਿਕ ਕਾਰਜ)

1.6 : ਮੈਕਸ ਵੈਬਰ (ਸੱਤਾ)


**ਨੋਟ :** **ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈੱਬਸਾਈਟ www.dccpbi.com ਤੋਂ ਡਾਊਨਲੋਡ ਕਰਨ।**


ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ


(ਸਭ ਹੱਕ ਰਾਖਵੇਂ ਹਨ)

ਪਾਠ ਨੰਬਰ : 1.1 ਲੇਖਿਕਾ : ਹਰਿੰਦਰ ਕੌਰ

# ਅਗਸਤ ਕੌਂਤ
## (ਜੀਵਨੀ, ਤਿੰਨ ਪੜਾਵਾਂ ਦਾ ਨਿਯਮ, ਸਕਾਰਾਤਮਕਵਾਦ)

**ਬਣਤਰ**

1.0 ਉਦੇਸ਼
1.1 ਜਾਣ-ਪਛਾਣ
1.2 ਅਗਸਤ ਕੌਂਤ ਦੀ ਜੀਵਨੀ
1.3 ਕੌਂਤ ਦਾ ਤਿੰਨ ਪੜਾਵਾਂ ਦਾ ਨਿਯਮ
  1.3.1 ਅਧਿਆਤਮਕ ਜਾਂ ਕਾਲਪਨਿਕ ਪੜਾਅ
    1.3.1.1 ਪ੍ਰਤੀਕ ਪੂਜਨ
    1.3.1.2 ਬਹੁਦੇਵਵਾਦ
    1.3.1.3 ਇਕ ਇਸ਼ਵਰੀਵਾਦ
  1.3.2 ਅਧਿਭੌਤਿਕ ਪੜਾਅ
  1.3.3 ਸਕਾਰਾਤਮਕ ਜਾਂ ਵਿਗਿਆਨਕ ਪੜਾਅ
1.4 ਸਕਾਰਾਤਮਕਵਾਦ
1.5 ਸਾਰ
1.6 ਅਭਿਆਸ ਲਈ ਪ੍ਰਸ਼ਨ
1.7 ਉਪਯੋਗੀ ਪੁਸਤਕਾਂ

## 1.0 ਉਦੇਸ਼

- ਇਸ ਪਾਠ ਨੂੰ ਪੜ੍ਹਨ ਉਪਰੰਤ ਤੁਹਾਨੂੰ ਅਗਸਤ ਕੌਂਤ ਦੇ ਜੀਵਨ ਬਾਰੇ ਜਾਣਕਾਰੀ ਹਾਸਿਲ ਹੋਵੇਗੀ।
- ਤੁਸੀਂ ਕੌਂਤ ਦੇ ਸਮਾਜ ਦੇ ਵਿਕਾਸ ਦੇ ਤਿੰਨ ਪੜਾਵਾਂ ਬਾਰੇ ਗਿਆਨ ਪ੍ਰਾਪਤ ਕਰ ਸਕੋਗੇ।
- ਅਗਸਤ ਕੌਂਤ ਦਾ ਸਕਾਰਾਤਮਕਵਾਦ ਤੋਂ ਕੀ ਭਾਵ ਹੈ ? ਇਸ ਬਾਰੇ ਸਮਝ ਸਕੋਗੇ।

## 1.1 ਜਾਣ ਪਛਾਣ

ਇਸ ਪਾਠ ਵਿੱਚ ਅਸੀਂ ਸਮਾਜ ਵਿਗਿਆਨ ਦੇ ਜਨਮਦਾਤਾ ਅਗਸਤ ਕੌਂਤ ਦੇ ਜੀਵਨ ਤੇ ਰੋਸ਼ਨੀ ਪਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਉਸ ਵੱਲੋਂ ਦਰਸਾਏ ਸਮਾਜ ਦੇ ਵਿਕਾਸ ਦੇ ਵੱਖ ਵੱਖ ਪੜਾਅ ਜਿਨ੍ਹਾਂ ਵਿਚੋਂ ਸ਼ੁਰੂ ਤੋਂ ਲੈ ਕੇ ਹੁਣ ਤੱਕ ਦਾ ਸਮਾਜ ਨਿਕਲਿਆ ਹੈ ਨੂੰ ਦਰਸਾਉਣ ਦਾ ਯਤਨ ਕੀਤਾ ਹੈ। ਅਗਸਤ ਕੌਂਤ ਨੇ ਸਮਾਜ ਵਿਗਿਆਨ ਨੂੰ ਵਿਗਿਆਨਕ ਦਰਜਾ ਦਵਾਉਣ ਲਈ ਵਿਗਿਆਨਕ ਵਿਧੀ ਦੀ ਵਰਤੋਂ ਤੇ ਜ਼ੋਰ ਦਿੱਤਾ। ਉਸ

ਅਨੁਸਾਰ ਯਥਾਰਥ ਨੂੰ ਵੇਖਿਆ, ਸਮਝਿਆ ਤੇ ਮਹਿਸੂਸ ਕੀਤਾ ਜਾ ਸਕੇ ਅਤੇ ਇਸਦੇ ਠੋਸ ਪ੍ਰਣਾਮ ਦਿੱਤੇ ਜਾ ਸਕਣ ਇਸ ਫਲਸਫੇ ਨੂੰ ਉਸਨੇ ਸਾਕਾਰਾਤਮਕਵਾਦ ਦਾ ਨਾਂ ਦਿੱਤਾ ਜਿਸ ਬਾਰੇ ਅਸੀਂ ਇਸ ਪਾਠ ਵਿੱਚ ਪੜ੍ਹਾਂਗੇ।

## 1.2 ਅਗਸਤ ਕੋਂਤ ਦੀ ਜੀਵਨੀ

ਅਗਸਤ ਕੋਂਤ ਦਾ ਜਨਮ ਫਰਾਂਸ ਦੇ ਸ਼ਹਿਰ ਮੋਂਤਪੈਲਿਏ ਵਿਖੇ ਜਨਵਰੀ 1798 ਵਿਚ ਹੋਇਆ। ਆਪਣੇ ਸ਼ਹਿਰ ਵਿਚੋਂ ਮੁਢਲੀ ਸਿੱਖਿਆ ਹਾਸਲ ਕਰਕੇ 1814 ਵਿਚ ਇਹ ਪੈਰਿਸ ਚਲਿਆ ਗਿਆ ਜਿੱਥੇ ਇਸਨੇ ਡਾਕਟਰੀ ਦਾ ਕੋਰਸ ਕਰਨ ਲਈ ਉਥੋਂ ਦੇ ਪ੍ਰਸਿਧ ਪੋਲੀਟੈਕਨਿਕ ਸਕੂਲ ਵਿਚ ਦਾਖਲਾ ਲਿਆ। ਪੈਰਿਸ ਮੁੱਢੋਂ ਹੀ ਫਰਾਂਸ ਦਾ ਹੀ ਨਹੀਂ ਬਲਕਿ ਯੂਰਪ ਦਾ ਇਕ ਅਜਿਹਾ ਸ਼ਹਿਰ ਹੈ ਜਿਥੇ ਸਕਾਲਰਸ਼ਿਪ ਅਤੇ ਫਲਸਫੇ ਦੀ ਇਕ ਲੰਮੀ ਪ੍ਰਥਾ ਚਲਦੀ ਰਹੀ ਹੈ। ਇਸ ਸ਼ਹਿਰ ਵਿਚ ਸਿੱਖਿਆ ਪ੍ਰਾਪਤ ਕਰਨ ਦਾ ਮਤਲਬ ਇਹ ਨਹੀਂ ਕਿ ਵਿਦਿਆਰਥੀ ਆਪਣੇ ਹੀ ਕੋਰਸ ਵਿਚ ਮਹਾਰਤ ਹਾਸਲ ਕਰੇਗਾ ਪਰੰਤੂ ਉਸ ਉਪਰ ਭਿੰਨ੍ਹ-ਭਿੰਨ੍ਹ ਕਿਸਮਾਂ ਦੇ ਸਕਾਲਰਾਂ ਦੇ ਫਿਲਾਸਫਰਾਂ ਦਾ ਪ੍ਰਭਾਵ ਪੈਂਦਾ ਹੈ। ਕੋਂਤ ਨਾਲ ਵੀ ਅਜਿਹਾ ਹੀ ਵਾਪਰਿਆ। ਇਹੀ ਵਜ੍ਹਾ ਸੀ ਕਿ ਉਹ ਡਾਕਟਰੀ ਦਾ ਕੋਰਸ ਪੂਰਾ ਕਰਕੇ ਡਾਕਟਰੀ ਕਰਨ ਦੀ ਬਜਾਏ ਫਲਸਫੇ ਦਾ ਅਧਿਐਨ ਕਰਨ ਲਗ ਪਿਆ। ਉਸਦੀ ਦਿਲਚਸਪੀ ਸਾਕਾਰਤਮਕ ਫਲਸਫੇ (positivistic philosophy) ਵਿੱਚ ਹੋ ਗਈ। ਪੋਲੀਟੈਕਨਿਕ ਸਕੂਲ ਵਿਚ ਹੀ ਉਹ ਡੀ.ਬੋਨਾਲਡ.ਡੀ ਮੈਸਤਰ ਅਤੇ ਕੋਦੋਰਸੇ ਵਰਗੇ ਫਲਾਸਫਰਾਂ ਤੋਂ ਵੀ ਪ੍ਰਭਾਵਤ ਹੋਇਆ। ਪੈਰਿਸ ਰਹਿੰਦੇ ਹੋਏ ਕੋਂਤ ਉੱਥੇ ਦੇ ਇੱਕ ਨਾਮੀ ਯੂਟੋਪਿਅਨ ਸੋਸ਼ਲਿਸਟ, ਸੇਂਤ ਸਿਮੋਂ (1760-1825) ਦੇ ਸੰਪਰਕ ਵਿਚ ਆਇਆ ਜਿਸ ਦੀ ਸੋਚ ਨੇ ਉਸ ਨੂੰ ਕਾਫੀ ਪ੍ਰਭਾਵਿਤ ਕੀਤਾ। ਉਨ੍ਹਾਂ ਦੀ ਨੇੜਤਾ ਵਧਦੀ ਗਈ ਤੇ ਉਹ ਸੇਂਤ ਸਿਮੋਂ (Saint-Simon) ਦਾ ਸੈਕਟਰੀ ਬਣ ਗਿਆ। ਇਹੀ ਨੇੜਤਾ ਹੌਲੀ ਹੌਲੀ ਮਿੱਤਰਤਾ ਵਿਚ ਬਦਲ ਗਈ ਪਰ ਛੇਤੀ ਹੀ ਦੁਸ਼ਮਣੀ ਵਿਚ ਤਬਦੀਲ ਹੋ ਗਈ। ਸੇਂਤ ਸਿਮੋਂ ਨੇ ਉਸ ਦਾ ਰੁਝਾਨ ਅਰਥ ਵਿਗਿਆਨ ਵਲ ਵੀ ਮੋੜਿਆ। ਇਸੇ ਦੌਰਾਨ ਕੋਂਤ ਵਿਚ ਸਮਾਜ ਨੂੰ ਨਵੇਂ ਸਿਰਿਓਂ ਰਚਨ ਦੀ ਰੁਚੀ ਵੀ ਪ੍ਰਚੱਲਤ ਹੋਈ। ਉਸ ਨੇ ਇਕ ਲੰਮਾ ਲੇਖ ਲਿਖਿਆ। ਜਿਸਦੀ ਜਾਣ-ਪਛਾਣ ਦਾ ਲੇਖ ਸੇਂਤ ਸਿਮੋਂ ਨੇ ਲਿਖਿਆ। ਇਸ ਲੇਖ ''A prospectus for the Scientific Operations Necessary for the Reorganization of Society" ਵਿਚ ਉਸ ਨੇ ਆਪਣੇ ਵਿਚਾਰਾਂ ਦੀ ਰੂਪ ਰੇਖਾ ਪੇਸ਼ ਕੀਤੀ। ਸੇਂਤ ਸਿਮੋਂ ਦੇ ਪ੍ਰਭਾਵ ਹੇਠਾਂ ਹੀ ਕੋਂਤ ਨੇ ਵਿਗਿਆਨਕ ਵਿਧੀ ਅਧੀਨ ਸਮਾਜ ਦੇ ਪੁਨਰਗਠਨ ਦੀ ਸੋਚ ਨੂੰ ਸਿਰੇ ਚਾੜ੍ਹਿਆ ਅਤੇ ਸਮਾਜ ਵਿਗਿਆਨ ਦੀ ਨੀਂਹ ਰੱਖੀ।

ਜਿਵੇਂ ਉਪਰ ਲਿਖਿਆ ਹੈ ਕਿ ਕੋਂਤ ਦੀ ਮੁਢਲੀ ਸਿੱਖਿਆ ਕੁਦਰਤੀ ਵਿਗਿਆਨਾਂ (natural sciences) ਦੀ ਸੀ ਇਸ ਲਈ ਇਨ੍ਹਾਂ ਦਾ ਅਸਰ ਉਸ ਦੀਆਂ ਸਮਾਜ ਵਿਗਿਆਨ ਦੀਆਂ ਲਿਖਤਾਂ ਵਿਚ ਵੀ ਵੇਖਣ ਨੂੰ ਮਿਲਦਾ ਹੈ। ਉਸ ਦਾ ਵਿਚਾਰ ਸੀ ਕਿ ਸਮਾਜ ਨੂੰ ਵੀ ਵਿਗਿਆਨਕ ਵਿਧੀ ਨਾਲ ਘੋਖਿਆ ਜਾਣਾ ਚਾਹੀਦਾ ਹੈ। ਜੇ ਇਸ ਤਰ੍ਹਾਂ ਹੋਵੇਗਾ ਤਾਂ ਹੀ ਸਮਾਜਕ ਅਧਿਐਨ, ਵਿਗਿਆਨਕ ਅਖਵਾਏਗਾ। ਜੋ ਸਮਾਜ ਦੇ ਪੁਨਰਗਠਨ ਵਿੱਚ ਸਹੀ ਮਾਨ੍ਹਿਆਂ ਵਿੱਚ ਸਹਾਈ ਹੋਵੇਗਾ। ਇਸੇ ਕਰਕੇ ਕੋਂਤ ਨੇ ਇਸ ਨਵੇਂ ਜਨਮੇ ਵਿਸ਼ੇ ਦਾ ਨਾਂ ਸੋਸ਼ਲ ਫਿਜ਼ਿਕਸ ਰੱਖਿਆ ਸੀ। ਕਿਉਕਿ ਜਿਸ ਤਰ੍ਹਾਂ ਭੋਤਿਕ ਵਿਗਿਆਨ ਕੁਦਰਤੀ ਪਰਪੰਚਾਂ ਦਾ ਅਧਿਐਨ ਕਰਦਾ ਹੈ ਠੀਕ ਉਸੇ ਤਰ੍ਹਾਂ ਸੋਸ਼ਲ ਫਿਜ਼ਿਕਸ ਸਮਾਜਕ ਪਰਪੰਚਾਂ ਦਾ ਅਧਿਐਨ ਕਰੇਗੀ। ਛੇਤੀ ਹੀ ਕੋਂਤ ਨੂੰ ਇਹ ਨਾਂ ਬਦਲ ਕੇ ਸੋਸ਼ਿਆਲੋਜੀ ਰ ੱਖਣਾ ਪਿਆ ਕਿਉਂਕਿ ਬੈਲਜ਼ਿਅਮ ਦੇ ਗਣਿਤ ਵਿਗਿਆਨੀ ਨੇ ਇਹ ਨਾਂ ਆਪਣੀ ਕਾਢ ਵਾਸਤੇ ਵਰਤਿਆ ਸੀ। ਲਿਹਾਜਾ, ''ਸਮਾਜ ਵਿਗਿਆਨ ਦੇ ਵਿਸ਼ੇ ਨੂੰ ਜਨਮ ਦੇਣ'' ਇਸਦਾ ਨਾਂ ਰੱਖਣ ਅਤੇ ਇਸ ਨੂੰ ਵਿਗਿਆਨਕ ਦਰਜਾ ਦਵਾਉਣ ਦਾ ਜਿੰਮਾ ਅਗਸਤ ਕੋਂਤ ਦਾ ਹੈ।

ਕੋਂਤ ਇਕ ਗਰਮ ਮਿਜ਼ਾਜ ਫਿਲਾਸਫਰ ਸੀ ਜਿਸ ਕਰਕੇ ਉਸ ਦੀ ਵਿਦਵਤਾ ਦੇ ਬਾਵਜੂਦ ਉਸ ਨੂੰ ਕਦੇ ਯੂਨੀਵਰਸਿਟੀ ਵਿਚ ਸਥਾਈ ਤੌਰ ਤੇ ਪੜ੍ਹਣ-ਪੜ੍ਹਾਉਣ ਦਾ ਮੌਕਾ ਨਹੀਂ ਮਿਲਿਆ। ਉਸਦੇ ਝਗੜਾਲੂ ਸੁਭਾਅ ਕਾਰਣ ਉਸ ਨੂੰ ਆਪਣੀ ਆਜੀਵਕਾ ਇਕ ਅਜ਼ਾਦ ਸਕਾਲਰ (freelance scholar) ਦੇ ਤੌਰ ਤੇ ਹੀ ਉਪਲਬਧ ਕਰਨੀ ਪਈ। ਪਰੰਤੂ ਉਸ ਦੇ ਲੈਕਚਰ ਇਨ੍ਹੇ ਦਿਲਚਸਪ ਅਤੇ ਵਿਦਵਤਾਭਰਪੂਰ ਹੁੰਦੇ ਸਨ ਕਿ ਜਿੱਥੇ ਇਕ

ਪਾਸੇ ਸਕਾਲਰ ਉਨ੍ਹਾਂ ਦਾ ਆਨੰਦ ਮਾਣਦੇ ਸਨ ਉਥੇ ਆਮ ਮਜ਼ਦੂਰ ਵੀ ਉਸ ਦੇ ਭਾਸ਼ਣਾਂ ਤੋਂ ਪ੍ਰਭਾਵਤ ਹੁੰਦੇ ਸਨ। ਇਕੋ ਭਾਸ਼ਣ ਵਿਚ ਦੋਨੋਂ ਧਿਰਾਂ ਸਕਾਲਰ ਅਤੇ ਵਰਕਰ (ਮਜ਼ਦੂਰ) ਨੂੰ ਪ੍ਰਭਾਵਤ ਕਰਨ ਦੀ ਵਿਲਖਣਤਾ ਲਈ ਕੋਂਤ ਪ੍ਰਸਿੱਧ ਸੀ।

ਕੋਂਤ ਦਾ ਜਨਮ ਫਰਾਂਸੀਸੀ ਕਰਾਂਤੀ ਤੋਂ ਨੌਂ ਸਾਲ ਬਾਅਦ ਹੋਇਆ। ਇਸ ਮਹਾਂਕਰਾਂਤੀ ਦਾ ਅਸਰ ਸਿਰਫ ਫਰਾਂਸ ਉੱਤੇ ਹੀ ਨਹੀਂ ਬਲਕਿ ਸਾਰੀ ਦੁਨੀਆਂ ਉਤੇ ਪਿਆ। ਅਜੋਕਾ ਰਾਜਨੀਤਿਕ ਢਾਂਚਾ ਇਸੇ ਕਰਾਂਤੀ ਦੀ ਦੇਣ ਹੈ। ਰਾਜਾਸ਼ਾਹੀ ਖਤਮ ਹੋਈ ਅਤੇ ਲੋਕ ਰਾਜ ਦਾ ਆਰੰਭ ਹੋਇਆ। ਜ਼ਾਹਿਰ ਹੈ ਐਡੀ ਵੱਡੀ ਉੱਥਲ-ਪੁਥਲ ਨੇ ਫਰਾਂਸ ਨੂੰ ਹਿਲਾ ਕੇ ਰੱਖ ਦਿੱਤਾ ਹੋਵੇਗਾ। ਲਿਹਾਜ਼ਾ ਇਸਦਾ ਅਸਰ ਉਸ ਸਮੇਂ ਦੇ ਵਿਦਿਆਰਥੀਆਂ ਅਤੇ ਸਕਾਲਰਾਂ ਤੇ ਵੀ ਪਿਆ। ਇਹ ਇੱਕ ਵੱਡਾ ਕਾਰਣ ਸੀ ਜਿਸਨੇ ਕੋਂਤ ਨੂੰ ਸਮਾਜ ਦੇ ਅਧਿਐਨ ਵੱਲ ਪ੍ਰੇਰਿਤ ਕੀਤਾ। ਉਸ ਦਾ ਮੰਤਵ ਇਹ ਸੀ ਕਿ ਸਮਾਜਾਂ ਵਿਚ ਪਰਿਵਰਤਨ ਤਾਂ ਹੋਣਾ ਚਾਹੀਦਾ ਹੈ ਕਿਉਂਕਿ ਬਦਲਾਓ ਕੁਦਰਤ ਦਾ ਵੀ ਇੱਕ ਨਿਯਮ ਹਨ ਪਰ ਇਹ ਬਦਲਾਓ ਐਨੇ ਡਾਢੇ ਨਹੀਂ ਹੋਣੇ ਚਾਹੀਦੇ ਜੋ ਸਮਾਜ ਅਤੇ ਸਮਾਜਕ ਵਿਵਸਥਾ ਨੂੰ ਹਿਲਾ ਕੇ ਰੱਖ ਦੇਣ। ਇਸ ਦਾ ਹੱਲ ਕੋਂਤ ਨੇ ਸਮਾਜ ਦਾ ਵਿਗਿਆਨਕ ਵਿਧੀ ਨਾਲ ਅਧਿਐਨ ਕਰਕੇ ਇਕ ਨਵੇਂ ਸਮਾਜ ਪੌਜ਼ਿਟਿਵ ਸੋਸਾਇਟੀ ਦੀ ਸਿਰਜਣਾ ਕਰਨ ਦੇ ਉਪਰਾਲੇ ਵਜੋ ਕੀਤਾ। ਇਨ੍ਹਾਂ ਸੰਕਲਪਾਂ ਦੀ ਵਿਆਖਿਆ ਉਸਨੇ ਆਪਣੇ ਛੇ ਜਿਲਦਾਂ ਵਾਲੇ ਗ੍ਰੰਥ 'ਕੂਰ ਦੀ ਫਿਲਾਸਫੀ ਪੌਜ਼ਿਟਿਵ' (Cours de Philosophie Positive) ਵਿਚ ਕੀਤੀ। ਇਸ ਰਚਨਾ ਵਿਚ ਉਸ ਦੇ ਲੈਕਚਰ ਵੀ ਸ਼ਾਮਲ ਹਨ। ਜੋ ਉਸ ਨੇ 1830-1842 ਦੌਰਾਨ ਦਿੱਤੇ। ਇਸ ਤੋਂ ਮਗਰੋਂ 1851 ਤੋਂ 1854 ਵਿਚ ਉਸਨੇ ਆਪਣੀ ਦੂਜੀ ਮਹੱਤਵਪੂਰਨ ਰਚਨਾ 'ਸਿਸਟਮ ਆਫ ਪੌਜੀਟਿਵ ਪੌਲੀਟਿਕਸ' ਜੋ ਚਾਰ ਜਿਲਦਾਂ ਵਿਚ ਹੈ, ਛਾਪੀ। ਇਹ ਅਫਸੋਸ ਦੀ ਗੱਲ ਹੈ ਕਿ ਕੋਂਤ ਦੀਆਂ ਲਿਖਤਾਂ ਦੀ ਕਦਰ ਉਸਦੇ ਮਰਨ ਉਪਰੰਤ ਹੀ ਪਈ। ਉਸਦਾ ਦੇਹਾਂਤ 5 ਸਤੰਬਰ 1857 ਨੂੰ ਹੋਇਆ।

## 1.3 ਕੋਂਤ ਦਾ ਸਮਾਜ ਦੇ ਤਿੰਨ ਪੜਾਵਾਂ ਦਾ ਸਿਧਾਂਤ

ਕੋਂਤ ਅਨੁਸਾਰ ਹਰ ਮਨੁੱਖੀ ਸਮਾਜ ਇਨ੍ਹਾਂ ਤਿੰਨ ਪੜ੍ਹਾਵਾਂ ਵਿਚੋਂ ਜ਼ਰੂਰ ਨਿਕਲਦਾ ਹੈ ਅਤੇ ਇਸੇ ਕਰਮ ਅਨੁਸਾਰ ਨਿਕਲਦਾ ਹੈ ਜੋ ਅੱਗੇ ਪਿੱਛੇ ਨਹੀਂ ਹੋ ਸਕਦੇ। ਪਹਿਲਾਂ ਪੜ੍ਹਾਅ ਅਧਿਆਤਮਕ (Theological) ਜਾਂ ਕਾਲਪਣਿਕ (fictitious) ਹੈ। ਇਸ ਤੋਂ ਬਾਅਦ ਅਧਿਭੋਤਿਕੀ (Metaphysical) ਜਾਂ ਅਮੂਰਤ (Aabstract) ਪੜਾਅ ਹੁੰਦਾ ਹੈ ਜੋ ਆਖਰ ਵਿਚ ਸਕਾਰਾਤਮਕ (Positive) ਜਾਂ ਵਿਗਿਆਨਕ (Scientific) ਰੂਪ ਧਾਰਨ ਕਰ ਲੈਂਦਾ ਹੈ। ਕੋਂਤ ਦਾ ਮੰਨਣਾ ਹੈ ਕਿ ਸਮਾਜ ਦੇ ਇਹ ਪੜ੍ਹਾਅ ਆਰਥਕ ਜਾਂ ਪਦਾਰਥਕ ਕਾਰਨਾਂ ਤੇ ਨਿਰਭਰ ਨਹੀਂ ਹੁੰਦੇ ਜਿਵੇਂ ਕਿ ਮਾਰਕਸ ਦੀ ਸੋਚ ਹੈ ਪਰ ਇਹ ਮਨੁੱਖੀ ਗਿਆਨ ਤੇ ਨਿਰਭਰ ਹੁੰਦੇ ਹਨ। ਇਹ ਪੜਾਅ ਮਨ (mind) ਦੇ ਵਿਕਾਸ ਅਨੁਸਾਰ ਹੁੰਦੇ ਹਨ। ਕੋਂਤ ਦਾ ਮੰਨਣਾ ਹੈ ਕਿ ਸਮਾਜ ਦੇ ਇਹ ਪੜਾਅ ਬਿਲਕੁਲ ਉਸੇ ਤਰ੍ਹਾਂ ਹੁੰਦੇ ਹਨ ਜਿਵੇਂ ਕਿ ਮਨੁੱਖ ਦੇ ਬੌਧਿਕ ਵਿਕਾਸ ਦੇ ਪੜ੍ਹਾਅ। ਉਹ ਦਸਦਾ ਹੈ ਕਿ ਜੇ ਅਸੀਂ ਆਪਣੇ ਜੀਵਨ ਵੱਲ ਝਾਤ ਮਾਰ ਕੇ ਵੇਖੀਏ ਤਾਂ ਸਾਨੂੰ ਪਤਾ ਚੱਲੇਗਾ ਕਿ ਅਸੀਂ ਬਚਪਨ ਵਿਚ ਅਧਿਆਤਮਕ ਤੇ ਜਵਾਨੀ ਵਿਚ ਅਧਿਭੋਤਕੀ ਸੀ ਅਤੇ ਇਸ ਤੋਂ ਬਾਅਦ ਪ੍ਰਾਕ੍ਰਿਤਕ ਦਾਰਸ਼ਨਿਕ ਬਣ ਗਏ ਹਾਂ। ਜਿਵੇਂ ਜਿਵੇਂ ਬੌਧਿਕਤਾ ਦਾ ਵਿਕਾਸ ਹੁੰਦਾ ਹੈ ਉਵੇਂ ਹੀ ਅਸੀਂ ਹੇਠਲੇ ਤੋਂ ਉਪਰਲੇ ਪੜਾਅ ਵੱਲ ਵੱਧਦੇ ਹਾਂ।

### 1.3.1 ਅਧਿਆਤਮਕ ਜਾਂ ਕਾਲਪਨਿਕ ਪੜਾਅ (Thelogical or Fictitious Stage)

ਮਨੁੱਖੀ ਸਮਾਜ ਦਾ ਇਹ ਸਭ ਤੋਂ ਪਹਿਲਾ ਪੜਾਅ ਹੈ ਜਿਸਦਾ ਸਮਾਂ ਵੀ ਸਾਰਿਆਂ ਪੜਾਵਾਂ ਨਾਲੋਂ ਲੰਮਾ ਹੈ। ਇਸ ਅਵਸਥਾ ਵਿਚ ਬੋਧਿਕ ਵਿਕਾਸ ਵੀ ਘੱਟੋ ਘੱਟ ਹੈ ਇਸੇ ਕਰਕੇ ਮਨੁੱਖ ਕੁਦਰਤੀ ਤੇ ਸਮਾਜਿਕ ਵਰਤਾਰੇ ਨੂੰ ਸਮਝਣ ਦੀ ਕੋਸ਼ਿਸ਼ ਵਿੱਚ ਇਸ ਨੂੰ ਅਧਿਆਤਮਕ ਜਾਂ ਕਾਲਪਨਿਕ ਪੱਧਰ ਉੱਤੇ ਸੋਚਦਾ ਹੈ। ਉਦੋ ਦਾ ਮਨੁੱਖ ਵੀ ਕੁਦਰਤੀ ਅਤੇ ਸਮਾਜਕ ਪਰਪੰਚਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਸੀ ਅਤੇ ਉਨ੍ਹਾਂ ਦੇ ਕਾਰਕਾਂ ਨੂੰ ਵੀ ਲਭਦਾ ਸੀ। ਇਹ ਸਭ ਕੁਝ ਕਿਵੇਂ ਅਤੇ ਕਿਉਂ ਹੋ ਰਿਹਾ ਹੈ? ਇਨ੍ਹਾਂ ਨੂੰ ਕਰਣ ਲਈ ਕੌਣ ਜ਼ਿੰਮੇਵਾਰ ਹੈ ਆਦਿ? ਕੋਂਤ ਅਨੁਸਾਰ ਇਸ

ਪੜਾਅ ਦੇ ਅੱਗੇ ਤਿੰਨ ਉਪ ਪੜਾਅ ਹਨ ਜਿਨ੍ਹਾਂ ਨੂੰ ਸਮਝੇ ਬਗੈਰ ਇਸ ਪੜਾਅ ਦੀ ਵਿਆਖਿਆ ਅਧੂਰੀ ਰਹਿ ਜਾਵੇਗੀ। ਇਹ ਹਨ –

## 1.3.1.1 ਪ੍ਰਤੀਕ–ਪੂਜਨ (Fetishism)

ਕੋਂਤ ਅਨੁਸਾਰ ਇਹ ਮਨੁੱਖੀ ਸਮਾਜ ਦਾ ਸਭ ਤੋਂ ਮੁਢਲਾ ਪੜਾਅ ਸੀ। ਇਸ ਵਿਚ ਮਨੁੱਖ ਹਰ ਕੁਦਰਤੀ ਪਰਪੰਚ ਨੂੰ ਆਪਣੇ ਸਰੂਪ ਵਿਚ ਹੀ ਅਨੁਭਵ ਕਰਦਾ ਸੀ। ਭਾਵ ਇਹ ਕਿ ਹਰ ਕੁਦਰਤੀ ਵਸਤੂ ਵਿਚ ਉਸ ਵਾਂਗ ਹੀ ਜੀਵਨ ਹੈ।ਉਹ ਹਵਾ, ਪਾਣੀ, ਅੱਗ, ਪਹਾੜ, ਧਰਤੀ ਆਦਿ ਨੂੰ ਆਪਣੇ ਹੀ ਵਾਂਗ ਜਿਉਂਦੇ ਜਾਗਦੇ ਜੀਵ ਮੰਨਦਾ ਸੀ ਅਤੇ ਇਨ੍ਹਾਂ ਨੂੰ ਆਪਣੇ ਤੋਂ ਜ਼ਿਆਦਾ ਤਾਕਤਵਰ ਸਮਝਦਾ ਸੀ। ਇਸ ਡਰ ਵਿਚੋਂ ਇਨ੍ਹਾਂ ਦੀ ਪੂਜਾ ਆਰੰਭ ਹੋਈ। ਇਸੇ ਕਰਕੇ ਜਿੰਨੇ ਵੀ ਪੁਰਾਣੇ ਧਰਮ ਹਨ ਉਨ੍ਹਾਂ ਦੀ ਮੁਢਲੀ ਅਵਸਥਾ ਵਿੱਚ ਇਨ੍ਹਾਂ ਸਾਰੀਆਂ ਸ਼ਕਤੀਆਂ ਦੀ ਕਿਸੇ ਨਾ ਕਿਸੇ ਰੂਪ ਵਿਚ ਪੂਜਾ ਕੀਤੀ ਜਾਂਦੀ ਸੀ। ਇਸ ਪੜਾਅ ਦਾ ਮਨੁੱਖ ਹਰ ਇਕ ਘਟਨਾ ਜੋ ਉਸ ਨਾਲ ਵਾਪਰਦੀ ਸੀ, ਇਨ੍ਹਾਂ ਸ਼ਕਤੀਆਂ ਨਾਲ ਜੋੜ ਕੇ ਹੀ ਵੇਖਦਾ ਸੀ। ਜੇ ਕੋਈ ਚੰਗੀ ਘਟਨਾ ਵਾਪਰਦੀ ਸੀ ਤਾਂ ਦੇਵਤੇ ਦੀ ਖੁਸ਼ੀ ਅਤੇ ਉਸ ਦੀ ਮਿਹਰ ਸਮਝੀ ਜਾਂਦੀ ਸੀ ਅਤੇ ਜੇ ਕੋਈ ਮਾੜੀ ਗੱਲ ਹੋਈ ਤਾਂ ਉਨ੍ਹਾਂ ਦੀ ਨਾਰਾਜ਼ਗੀ ਅਤੇ ਕਰੋਧ ਵਜੋਂ ਲਿਆ ਜਾਂਦਾ ਸੀ। ਮਨੁੱਖ ਦੀ ਇਸੇ ਸੋਚ ਵਿੱਚੋਂ ਜਾਦੂ ਟੂਣਿਆਂ ਦਾ ਜਨਮ ਹੋਇਆ ਜਿਨ੍ਹਾਂ ਨਾਲ ਕੁਦਰਤੀ ਤਾਕਤਾਂ ਨੂੰ ਟਾਲਣ ਜਾਂ ਵੱਸ ਕਰਨ ਦਾ ਉਪਰਾਲਾ ਕੀਤਾ ਗਿਆ ਜਿਹੜਾ ਹੌਲੀ ਹੌਲੀ ਮਨੁਖ ਦਾ ਕੁਦਰਤ ਉਪਰ ਕੰਟਰੋਲ ਕਰਨ ਦੀ ਜਿਗਿਆਸਾ ਵੱਲ ਵਧਿਆ ਕਦਮ ਸੀ ਜੋ ਅਸੀਂ ਅਜੋਕੀ ਸਾਇੰਸ ਵਿਚ ਦੇਖ ਸਕਦੇ ਹਾਂ।

## 1.3.1.2 ਬਹੁਦੇਵਵਾਦ (Polytheism)

ਬਹੁਦੇਵਵਾਦ ਦਾ ਅਰਥ ਹੈ ਜਦੋਂ ਮਨੁੱਖ ਇੱਕ ਤੋਂ ਵੱਧ ਦੇਵਤਾ ਨੂੰ ਮੰਨਣ। ਇਸ ਅਵਸਥਾ ਦਾ ਜਨਮ ਪ੍ਰਤੀਕ–ਪੂਜਨ ਤੋਂ ਬਾਅਦ ਹੋਣਾ ਹੀ ਸੰਭਵ ਸੀ ਕਿਉਂਕਿ ਉਹ ਸਾਰੀਆਂ ਸ਼ਕਤੀਆਂ ਜਿਨ੍ਹਾਂ ਨੂੰ ਮਨੁੱਖ ਆਪਣੇ ਤੋਂ ਬਲਵਾਨ ਸਮਝਦਾ ਸੀ ਉਨ੍ਹਾਂ ਨੂੰ ਉਸ ਨੇ ਦੇਵੀ–ਦੇਵਤਾ ਦੇ ਰੂਪ ਵਿਚ ਵੇਖਣਾ ਸ਼ੁਰੂ ਕੀਤਾ ਜੋ ਵੇਖਣ ਨੂੰ ਵੀ ਮਨੁੱਖਾਂ ਵਰਗੇ ਹੀ ਲੱਗਦੇ ਸਨ, ਪਰ ਉਨ੍ਹਾਂ ਵਿੱਚ ਅਥਾਹ ਸ਼ਕਤੀ ਦੇ ਸੋਮੇ ਸਨ। ਬੌਧਿਕ ਵਿਕਾਸ ਹੋਣ ਸਦਕਾ ਇਸ ਪੜਾਅ ਵਿੱਚ ਕੁਦਰਤੀ ਸ਼ਕਤੀਆਂ ਨੂੰ ਜ਼ਿਆਦਾ ਸੰਗਠਿਤ ਰੂਪ ਵਿਚ ਵੇਖਣਾ ਸ਼ੁਰੂ ਕੀਤਾ। ਹਿੰਦੂ ਧਰਮ ਵਿਚ ਅਸੀਂ ਵੇਖਦੇ ਹਾਂ ਕਿ ਸੂਰਜ, ਚੰਦਰਮਾ, ਤਾਰੇ, ਸਵਰਗ–ਨਰਕ, ਬੂਟੇ, ਪੰਛੀ, ਜਾਨਵਰ, ਹਵਾ, ਪਾਣੀ ਆਦਿ ਕਿੰਨੇ ਸਾਰੇ ਦੇਵੀ–ਦੇਵਤੇ ਹਨ ਜੋ ਆਪਣੇ ਆਪਣੇ ਕੁਦਰਤੀ ਸੋਮਿਆਂ ਨੂੰ ਕੰਟ੍ਰੋਲ ਕਰਦੇ ਹਨ।

ਇਸੇ ਪੜ੍ਹਾਅ ਦੌਰਾਨ ਸਮਾਜਕ ਅਤੇ ਰਾਜਨੀਤਕ ਢਾਂਚੇ ਵਿਚ ਵੀ ਬਦਲਾਅ ਆਇਆ। ਰਾਜਾਂ ਅਤੇ ਰਾਜਿਆਂ ਦੀ ਸਥਾਪਨਾ ਹੋਈ ਜੋ ਸੈਨਿਕ ਬਲ ਨਾਲ ਆਪਣੀਆਂ ਹੱਦਾਂ ਦੀ ਰੱਖਿਆ ਕਰਦੇ ਸਨ ਅਤੇ ਕਮਜ਼ੋਰ ਰਾਜਾਂ ਨੂੰ ਆਪਣੇ ਵਿਚ ਮਿਲਾਉਂਦੇ ਹਨ। ਇਸੇ ਲਈ ਸੈਨਾ ਦੇ ਮਹੱਤਵਪੂਰਣ ਕਾਰਨਾਂ ਕਰਕੇ ਸੈਨਿਕ ਸਭਿਆਚਾਰ ਆਰੰਭ ਹੋਇਆ। ਇਸੇ ਲਈ ਕਈ ਸਮਾਜ ਵਿਗਿਆਨੀ ਇਸ ਨੂੰ ਮਿਲਟਰੀ ਸਮਾਜ ਦਾ ਨਾਂ ਵੀ ਦਿੰਦੇ ਹਨ। ਇਸੇ ਰਾਜਨੀਤਕ ਢਾਂਚੇ ਦੀ ਉਪਜ ਹੈ ਕਿ ਆਪਣੇ ਤੋਂ ਉੱਚੇ, ਵੱਡੇ ਜਾਂ ਤਕੜੇ ਤੋਂ ਡਰੋ ਅਤੇ ਆਪਣੇ ਤੋਂ ਨੀਵੇ ;, ਛੋਟੇ ਅਤੇ ਕਮਜ਼ੋਰ ਨੂੰ ਡਰਾਓ।

## 1.3.1.3 ਇੱਕਇਸ਼ਵਰੀਵਾਦ (Monotheism)

ਇੱਕ ਈਸ਼ਵਰਵਾਦੀ ਦਾ ਅਰਥ ਹੈ ਕਿ ਇੱਕ ਈਸ਼ਵਰ ਨੂੰ ਮੰਨਣਾ। ਜਿਵੇਂ ਜਿਵੇਂ ਮਨੁੱਖਾਂ ਦਾ ਬੌਧਿਕ ਵਿਕਾਸ ਹੋਇਆ ਉਸੇ ਤਰ੍ਹਾਂ ਕੁਦਰਤੀ ਸ਼ਕਤੀਆਂ ਨੂੰ ਵੀ ਦੇਵੀ–ਦੇਵਤਿਆਂ ਦੇ ਵਖਰੇਵੇਂ ਦੀ ਥਾਂ ਕਿਸੇ ਇਕੋ ਸ਼ਕਤੀ ਦੇ ਵਖਰੇ ਰੂਪਾਂ ਵਿਚ ਸਮਝਣ ਦੀ ਪ੍ਰਕ੍ਰਿਆ ਹੋਂਦ ਵਿਚ ਆਈ। ਏਨ੍ਹੇ ਸਾਰੇ ਦੇਵੀ–ਦੇਵਤਿਆਂ ਦੀ ਸ਼ਕਤੀ ਦਾ ਸੋਮਾ ਇਕੋ ਮੰਨ੍ਹਿਆ ਗਿਆ। ਕੋਂਤ ਰੋਮ ਕੈਥਲਕਵਾਦ ਨੂੰ ਇਸ ਪੜ੍ਹਾਅ ਦਾ ਵਿਕਾਸ ਮੰਨਦਾ ਹੈ। ਇਸ ਅਨੁਸਾਰ ਈਸਾ ਮਸੀਹ ਰੱਬ ਦਾ ਪੁੱਤਰ ਹੈ ਜੋ ਦੁਨੀਆਂ ਦਾ ਉਦਾਰ ਕਰਨ ਵਾਸਤੇ ਇਸ ਧਰਤੀ ਤੇ ਆਇਆ। ਇਹੋ ਜਿਹੀ ਮਿਸਾਲ ਅਸੀਂ ਇਸਲਾਮ ਵਿਚ ਵੀ ਵੇਖ ਸਕਦੇ ਹਾਂ। ਬਹੁਤ ਸਾਰੇ ਦੇਵੀ ਦੇਵਤਿਆਂ ਨੂੰ ਵੱਖ–ਵੱਖ ਰੂਪਾਂ

ਵਿਚ ਵੇਖਣ ਤੇ ਸਮਝਣ ਦਾ ਝੰਜਟ ਮੁਕਾਉਣ ਲਈ ਇਹੀ ਰਾਹ ਲੱਭਿਆ ਗਿਆ ਕਿ ਇਹ ਸਾਰੀਆਂ ਤਾਕਤਾਂ ਦਾ ਸੋਮਾ ਇਕੋ ਹੈ ਜੋ ਸਰਵ ਸ਼ਕਤੀਮਾਨ ਹੈ।

ਇਸੇ ਪੜਾਅ ਦੀ ਹੀ ਦੇਣ ਹੈ ਕਿ ਧਰਮ ਇੱਕ ਸੰਗਠਨ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਇਆ। ਗਿਰਜਾ ਰੱਬ ਦੇ ਪੁੱਤਰ ਈਸਾ ਮਸੀਹ ਦਾ ਘਰ ਬਣਿਆ। ਉਸ ਦਾ ਸੰਚਾਲਣ ਕਰਨ ਵਾਸਤੇ ਪਾਦਰੀ ਪੁਣੇ ਦਾ ਜਨਮ ਹੋਇਆ ਜੋ ਲੋਕਾਂ ਨੂੰ ਰੱਬ ਦੇ ਪੁੱਤਰ ਨਾਲ ਜੋੜਦਾ ਸੀ।

## 1.3.2 ਅਧਿਭੌਤਿਕ ਪੜਾਅ (Metaphysical stage)

ਇਹ ਪੜਾਅ ਇਕ ਤਰ੍ਹਾਂ ਨਾਲ transition phase ਹੀ ਹੈ ਜੋ ਅਧਿਆਤਮਕ ਪੜਾਅ ਨੂੰ ਸਕਾਰਾਤਮਕ ਪੜਾਅ ਨਾਲ ਜੋੜਦਾ ਹੈ। ਇਹੀ ਵਜਹ ਹੈ ਕਿ ਇਸ ਵਿਚ ਇਨ੍ਹਾਂ ਦੋਵੇਂ ਪੜ੍ਹਾਵਾਂ ਦੇ ਅੰਸ਼ ਮੌਜੂਦ ਹਨ। ਯੂਰਪ ਵਿਚ ਇਸ ਪੜਾਅ ਦਾ ਫੈਲਣਾ ਚੌਦਵੀਂ ਸਦੀ ਤੋਂ ਲੈ ਕੇ ਉਨੀਵੀਂ ਸਦੀ ਤੱਕ ਦਾ ਮੰਨਿਆ ਜਾਂਦਾ ਹੈ। ਬੋਧਿਕ ਵਿਕਾਸ ਦੇ ਹੋਣ ਨਾਲ ਵਿਸ਼ਲੇਸ਼ਣਾਤਮਕ ਮਨ (analytical mind) ਦਾ ਵੀ ਵਿਕਾਸ ਹੋਇਆ। ਲਿਹਾਜ਼ਾ ਕੁਦਰਤ/ਰੱਬ/ਈਸ਼ਵਰ ਨੂੰ ਇਕ ਅਮੂਰਤ ਵਸਤੂ ਦੇ ਪੱਧਰ ਤੇ ਵਿਚਾਰਿਆ ਜਾਣ ਲਗਿਆ। ਜੀਵਨ ਅਤੇ ਕੁਦਰਤੀ ਰਹਿਸਾਂ ਨੂੰ ਵਿਸ਼ਲੇਸ਼ਣ ਦੀ ਕਸੌਟੀ ਤੇ ਕਸਿਆ ਗਿਆ ਅਤੇ ਇਸ ਨੂੰ ਇੱਕ ਉੱਚੇ ਪੱਧਰ ਤੇ ਲੈ ਜਾਇਆ ਗਿਆ। ਇਹ ਤਾਂ ਹੀ ਸੰਭਵ ਸੀ ਜੇ ਰੱਬ ਨੂੰ ਮਨੁੱਖ ਨਾ ਮੰਨ ਕੇ ਨਿਰਾਕਾਰ ਮੰਨ੍ਹ ਲਿਆ ਜਾਵੇ ਜੋ ਕਣ-ਕਣ ਵਿੱਚ ਸਮਾਇਆ ਹੋਵੇ। ਰੋਮਨ ਕੈਥਲਕਵਾਦ ਵਿਚੋਂ ਹੀ ਪ੍ਰੋਟੈਸਟੈਂਟਵਾਦ ਜਨਮਿਆ। ਇਸੇ ਨਾਲ ਇਕ ਮਿਲਦੀ ਜੁਲਦੀ ਪ੍ਰਕ੍ਰਿਆ ਹਿੰਦੋਸਤਾਨ ਵਿਚ ਪੰਜਾਬ ਦੀ ਧਰਤੀ ਤੇ ਵੀ ਵਾਪਰੀ। ਸਿੱਖ ਧਰਮ ਵਿਚ ਰੱਬ ਨੂੰ ਨਿਰਾਕਾਰ ਮੰਨ੍ਹਿਆ ਗਿਆ ਜੋ ਜਨਮ ਮਰਨ ਤੋਂ ਮੁਕਤ ਹੈ, ਸਰਭ ਸਕਤੀਮਾਨ ਅਤੇ ਸਰਭ ਵਿਆਪੀ ਹੈ। ਇਸ ਦੀ ਕੋਈ ਸ਼ਕਲ ਕੋਈ ਰੂਪ ਨਹੀ।ਇਸ ਧਰਮ ਦੇ ਫਲਸਫੇ ਅਨੁਸਾਰ ਹਿੰਦੂ ਧਰਮ ਦੇ 33 ਕਰੋੜ ਦੇਵੀ-ਦੇਵਤਿਆਂ ਵਿੱਚ ਵੀ ਇਹੋ ਅਕਾਲ ਮੂਰਤ ਨਿਵਾਸ ਕਰਦਾ ਹੈ। ਇਸੇ ਕਰਕੇ ਸਿੱਖ ਧਰਮ ਇਕੋ ਜੋਤਿ, ਇਕੋ ਰੱਬ ਦੀ ਅਰਾਧਨਾ ਕਰਨ ਵਿਚ ਵਿਸ਼ਵਾਸ ਰੱਖਦਾ ਹੈ। ਇਹੋ ਇਕਈਸ਼ਵਰੀਵਾਦ ਹੈ।

ਇਸ ਪੜਾਅ ਦੀ ਇੱਕ ਹੋਰ ਵੱਡੀ ਵਿਲਖਣਤਾ ਇਹ ਹੈ ਕਿ ਉਹ ਸਾਰੀਆਂ ਕਰਾਂਤੀਆਂ ਇਸੇ ਸਮੇਂ ਵਿਚ ਹੋਈਆਂ ਜਿਨ੍ਹਾਂ ਨੇ ਮਨੁੱਖੀ ਸਮਾਜ ਨੂੰ ਹੋਰ ਅਗਾਂਹ ਵਧਾਇਆ। ਆਰਟ, ਸਾਇੰਸ, ਧਰਮ, ਫਲਸਫਾ ਆਦਿ ਸਾਰੇ ਇਦਾਰਿਆਂ ਵਿੱਚ ਬੁਨਿਆਦੀ ਤਬਦੀਲੀਆ ਆਈਆਂ। ਰੇਨੇਸ, ਮਾਡਰਨ ਸਾਇੰਸ, ਰੇਫਰਮੇਸ਼ਨ ਅਤੇ ਏਨਲਾਈਟਨਮੇਂਟ ਜਿਹੀਆਂ ਸਾਰੀਆਂ ਕਰਾਂਤੀਆਂ ਇਸੇ ਪੜਾਅ ਨੂੰ ਸ਼ਿਗਾਰਦੀਆਂ ਹਨ। ਇਨ੍ਹਾਂ ਦੇ ਸਦਕਾ ਹੀ ਤੀਜੇ ਪੜਾਅ ਦੀ ਸੁਰੂਆਤ ਹੁੰਦੀ ਹੈ।

## 1.3.3 ਸਕਾਰਾਤਮਕ ਜਾਂ ਵਿਗਿਆਨਕ ਪੜਾਅ (Positive or Scientific Stage)

ਕੋਂਤ ਅਨੁਸਾਰ ਸਮਾਜਕ ਵਿਕਾਸ ਦਾ ਇਹ ਆਖਰੀ ਪੜਾਅ ਹੈ। ਅਸਲ ਵਿੱਚ ਇਸ ਦੀ ਸੁਰੂਆਤ ਸੋਲਵੀਂ ਸਦੀ ਤੋਂ ਮੰਨੀ ਜਾਂਦੀ ਹੈ। ਇਸ ਨੂੰ ਮਾਡਰਨ ਦੀ ਸੰਘਿਆ ਵੀ ਦਿੱਤੀ ਜਾਂਦੀ ਹੈ। ਉਪਰ ਦੱਸੀਆਂ ਕਰਾਂਤੀਆਂ ਦੇ ਸਦਕਾ ਹੀ ਇੰਗਲੈਂਡ ਵਿਚ ਉਦਯੋਗਿਕ ਕਰਾਂਤੀ, ਫਰਾਂਸ ਵਿਚ ਫਰਾਂਸੀਸੀ ਅਤੇ ਅਮਰੀਕਾ ਵਿਚ ਅਮਰੀਕੀ ਕਰਾਂਤੀਆਂ ਹੋਈਆਂ ਜਿਨ੍ਹਾਂ ਤੇ ਮਨੁੱਖੀ ਸਮਾਜ ਦੀ ਨੁਹਾਰ ਹੀ ਬਦਲ ਕੇ ਰੱਖ ਦਿੱਤੀ।

ਇਨ੍ਹਾਂ ਸਾਰੀਆਂ ਕਰਾਂਤੀਆਂ ਦਾ ਸਮੂਹਕ ਤੌਰ ਉਪਰ ਅਸਰ ਅਸਲ ਵਿਚ ਉਨੀਵੀਂ ਸਦੀ ਵਿਚ ਹੀ ਪਰਤੱਖ ਰੂਪ ਵਿਚ ਸਾਹਮਣੇ ਆਇਆ। ਇਸ ਪੜਾਅ ਵਿੱਚ ਪਿਛਲਿਆਂ ਪੜਾਵਾਂ ਦੀ ਬਨਿਸਬਤ ਕੁਦਰਤੀ ਪਰਪੰਚਾਂ ਦੀ ਉਤਪਤੀ ਅਤੇ ਲਖਸ਼ਾਂ ਦੇ ਅੰਤਮ ਕਾਰਨ ਲੱਭਣ ਦੀ ਖੋਜ ਨੂੰ ਫਜ਼ੂਲ ਮੰਨ੍ਹਿਆ ਗਿਆ ਕਿਉਂਕਿ ਇਹ ਸਮੇਂ ਅਤੇ ਅਨਰਜੀ ਨੂੰ ਵਿਅਰਥ ਹੀ ਗਵਾਉਣਗੀਆਂ ਪਰ ਹੱਥ ਪੱਲੇ ਕੁਝ ਨਹੀਂ ਪੈਣਾ। ਇਸ ਤੋਂ ਹਟ ਕੇ ਵਿਗਿਆਨੀ ਇਨ੍ਹਾਂ ਪਰਪੰਚਾਂ ਦੇ ਨਿਯਮਾਂ, ਆਪਸੀ ਸੰਬੰਧਾਂ ਅਤੇ ਸਮਰੂਪਤਾ ਲਭਣ ਵਿਚ ਲੱਗ ਜਾਂਦਾ ਹੈ। ਇਹ ਵਿਧੀ ਜ਼ਿਆਦਾ ਲਾਹੇਵੰਦ ਸਾਬਤ ਹੋਈ ਕਿਉਂ ਜੁ ਇਸ ਨੂੰ ਤਰਕ ਅਤੇ ਨਿਰੀਖਣਾਂ ਦੇ ਆਧਾਰ ਤੇ ਸਮਝਿਆ

ਗਿਆ। ਇਹੀ ਵਿਧੀ ਆਧੁਨਿਕ ਗਿਆਨ ਦਾ ਆਧਾਰ ਬਣੀ।

ਇਸ ਪੜਾਅ ਦੀ ਵਿਲੱਖਣਤਾ ਇਹ ਹੈ ਕਿ ਕੁਦਰਤੀ ਸ਼ਕਤੀਆਂ ਤੋਂ ਡਰਨ ਦੀ ਬਜਾਏ ਇਨ੍ਹਾਂ ਨੂੰ ਮਨੁੱਖ ਦੇ ਕਬਜ਼ੇ ਹੇਠਾਂ ਲਿਆਂਦਾ ਗਿਆ ਅਤੇ ਇਨ੍ਹਾਂ ਦੀਆਂ ਦੈਵੀ ਸ਼ਕਤੀਆਂ ਨੂੰ ਨਕਾਰਿਆ ਗਿਆ। ਵਿਗਿਆਨਕ ਅਤੇ ਉਦਯੋਗਕ ਵਿਕਾਸ ਨੇ ਸਦੀਆਂ ਦੇ ਭੁਲੇਖੇ ਖੇਰੂੰ-ਖਰੂੰ ਕਰ ਦਿੱਤੇ। ਕੁਦਤਰੀ ਅਤੇ ਸਮਾਜਕ ਪਰਪੰਚਾਂ ਨੂੰ ਦੈਵੀ ਸ਼ਕਤੀ ਰਾਹੀਂ ਨਹੀਂ ਬਲਕਿ ਉਨ੍ਹਾਂ ਦੇ ਆਪਣੇ 'ਚੋਂ ਉਪਜੇ ਨਿਯਮਾਂ ਦੇ ਆਧਾਰ ਤੇ ਚਲਦੇ ਵੇਖਿਆ ਜਾਣ ਲੱਗਾ। ਇਸ ਸਮਝ ਦਾ ਆਧਾਰਕਾਰਨ (reason) ਤਰਕਸ਼ੀਲਤਾ (logic) ਸਨ ਜੋ ਕੇਵਲ ਅਨੁਭਵਸਿੱਧ ਯਥਾਰਥ (empirical reality) ਨੂੰ ਹੀ ਅਧਿਐਨ ਦਾ ਖੇਤਰ ਮੰਨਦੇ ਹਨ।

ਕੋਂਤ ਅਨੁਸਾਰ ਹਰ ਇੱਕ ਮਨੁੱਖੀ ਸਮਾਜ ਦਾ ਵਿਕਾਸ ਇਨ੍ਹਾਂ ਤਿਨਾਂ ਪੜਾਵਾਂ ਵਿੱਚ ਇਸੇ ਕਰਮ ਅਨੁਸਾਰ ਹੋਵੇ ਗਾ ਪਰ ਇਹ ਜ਼ਰੂਰੀ ਨਹੀਂ ਕਿ ਇਹ ਇਕ ਦੂਜੇ ਤੋਂ ਯਥਾਰਥਕ ਰੂਪ ਵਿਚ ਅੱਡ-ਅੱਡ ਕੀਤੇ ਜਾ ਸਕਦੇ ਹਨ। ਜਿਵੇਂ ਅਸੀਂ ਉਪਰ ਦੱਸਿਆ ਹੈ ਕਿ ਕੋਂਤ ਨੇ ਮਨੁੱਖ ਦੇ ਜੀਵਨ ਦੀਆਂ ਤਿੰਨ ਅਵਸਥਾਵਾਂ ਨੂੰ ਸਮਾਜਕ ਪੜਾਵਾਂ ਨਾਲ ਜੋੜਿਆ ਹੈ ਉਸੇ ਤਰ੍ਹਾਂ ਜਿਵੇਂ ਅਸੀਂ ਬਿਰਧ ਮਨੁੱਖ ਵਿਚ ਕੁਝ ਬਚਪਨੇ ਦੀਆਂ, ਕੁਝ ਜਵਾਨੀ ਦੀਆਂ ਗੱਲਾਂ ਵੇਖ ਸਕਦੇ ਹਾਂ ਅਤੇ ਇਸ ਦੇ ਉਲਟ ਉਸੇ ਤਰ੍ਹਾਂ ਸਮਾਜਕ ਪੜਾਵਾਂ ਨਾਲ ਵੀ ਹੁੰਦਾ ਹੈ। ਜਿਉਂ ਜਿਉਂ ਸਮਾਜ ਸਕਾਰਾਤਮਕ ਪੜਾਅ ਵੱਲ ਵਧਦੇ ਹਨ ਉਨ੍ਹਾਂ ਵਿਚ ਬੁਨਿਆਦੀ ਤਬਦੀਲੀਆਂ ਤਾਂ ਆਉਂਦੀਆਂ ਹਨ ਪਰ ਉਹ ਆਪਣੇ ਪਿਛੋਕੜ ਨੂੰ ਪੂਰੀ ਤਰ੍ਹਾਂ ਨਾਲ ਤਿਆਗ ਨਹੀਂ ਦਿੰਦੇ ਜਾਂ ਤਿਆਗ ਨਹੀਂ ਸਕਦੇ। ਇਹੀ ਵਜਹ ਹੈ ਕਿ ਆਧੁਨਿਕ ਯੁੱਗ ਵਿਚ ਵੀ ਕਾਲਪਨਿਕ ਪੜਾਅ ਦੇ ਅੰਸ ਸਾਫ ਨਜ਼ਰ ਆਉਂਦੇ ਹਨ। ਉਦਾਹਰਣ ਵਜੋਂ ਅੱਜ ਦੇ ਯੁਗ ਵਿਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕੀਤੀ ਹੈ।ਤਰ੍ਹਾਂ ਤਰ੍ਹਾਂ ਦੇ ਕਲਿਨਿਕਲ ਟੈਸਟ, ਮਸ਼ੀਨਾਂ, ਦਵਾਈਆਂ ਆਦਿ ਇਜਾਦ ਹੋ ਗਈਆਂ ਹਨ ਜੋ ਮਨੁੱਖੀ ਬਿਮਾਰੀ ਦਾ ਇਲਾਜ ਕਰਨ ਵਿਚ ਸਹਾਈ ਹੁੰਦੀਆਂ ਹਨ ਪਰ ਇਸ ਦੇ ਬਾਵਜੂਦ ਕੀ ਲੋਕ ਮਾਤਾ ਨੂੰ ਮੱਥਾ ਨਹੀਂ ਟੇਕਦੇ, ਜਾਦੂ ਟੂਣਿਆਂ ਵਾਲੇ ਕੋਲ ਨਹੀਂ ਜਾਂਦੇ, ਮੰਦਰ-ਗੁਰਦੁਆਰੇ, ਪੀਰਾਂ, ਫਕੀਰਾਂ ਦੀਆਂ ਸਮਾਧਾਂ ਤੇ ਮੰਨਤਾਂ ਨਹੀਂ ਮੰਨ੍ਹਦੇ। ਉਹ ਇਹ ਸਾਰੇ ਕੰਮ ਡਾਕਟਰਾਂ ਦੀ ਦਾਵਾਈਆਂ ਖਾਂਦੇ ਹੋਏ ਵੀ ਕਰਦੇ ਹਨ ਖਾਸ ਤੌਰ ਤੇ ਉਨ੍ਹਾਂ ਬਿਮਾਰੀਆਂ ਵਾਲੇ ਜਿਨ੍ਹਾਂ ਦਾ ਇਲਾਜ ਸਿੱਧਾ ਅਤੇ ਸੁਖਾਲਾ ਨਹੀਂ। ਅੱਜ ਕੱਲ ਇਹ ਵੇਖਣ ਵਿਚ ਆਇਆ ਹੈ ਕਿ ਆਧੁਨਿਕ ਡਾਕਟਰੀ ਸਾਇੰਸ ਦੇ ਨਾਲ ਨਾਲ ਏਥਨੋ-ਮੈਡੀਸਨ ਵੀ ਸਿਰ ਚੁੱਕ ਰਹੀ ਹੈ ਜੋ ਸਹੀ ਅਰਥਾਂ ਵਿਚ ਪਹਿਲੇ ਪੜਾਅ ਦੀ ਦੇਣ ਹੈ।

## 1.4 ਸਕਾਰਾਤਮਕਵਾਦ (Positivism)

ਇਸ ਅਧਿਆਏ ਦੇ ਸ਼ੁਰੂ ਵਿਚ ਇਹ ਦੱਸਿਆ ਗਿਆ ਸੀ ਕਿ ਫਰਾਂਸੀਸੀ ਕਰਾਂਤੀ ਕਾਰਣ ਉਪਜੀ ਸਮਾਜਕ ਉਬਲ ਪੁਥਲ ਨੇ ਕੋਂਤ ਤੇ ਕਾਫੀ ਅਸਰ ਪਾਇਆ ਸੀ। ਇਸ ਕਰਕੇ ਉਹ ਵਿਗਿਆਨਕ ਵਿਧੀ ਵਰਤਕੇ ਸਮਾਜ ਦਾ ਅਧਿਐਨ ਕਰਨ ਦਾ ਇਛੁਕ ਸੀ ਤਾਂ ਜੋ ਸਮਾਜਕ ਬਦਲਾਓ ਨੂੰ ਵਿਗਿਆਨਕ ਵਿਧੀ ਨਾਲ ਲਿਆਂਦਾ ਜਾਵੇ। ਕੋਂਤ ਤਾਂ ਆਪ ਹਿਸਾਬ (mathematics) ਦਾ ਵਿਦਿਆਰਥੀ ਸੀ ਅਤੇ ਵਿਗਿਆਨ ਦੇ ਵਿਸ਼ਿਆਂ ਨਾਲ ਜੁੜਿਆ ਹੋਇਆ ਸੀ। ਇਸੇ ਲਈ ਉਸ ਉਪਰ ਇਨ੍ਹਾਂ ਵਿਗਿਆਨਾਂ ਦੀਆਂ ਵਿਧੀਆਂ ਦਾ ਪ੍ਰਭਾਵ ਵੀ ਸੀ। ਫਲਸਫੇ ਵਿਚ ਹੋਈ ਏਨਲਾਈਟਨਮੈਂਟ ਕਰਾਂਤੀ ਨੇ ਇਨ੍ਹਾਂ ਵਿਧੀਆਂ ਨੂੰ ਜਨਮ ਦਿੱਤਾ। ਇਸ ਕਰਾਂਤੀ ਨਾਲ ਯਥਾਰਥ ਦੇ ਦੋ ਪੱਖ ਸਾਹਮਣੇ ਆਏ, ਇੱਕ ਪਰਤਖ ਅਤੇ ਦੂਜਾ ਅਪਰਤਖ, ਅਤੇ ਇਹ ਤਹਿ ਹੋਇਆ ਕਿ ਵਿਗਿਆਨ ਕੇਵਲ ਪਰਤਖ ਦਾ ਅਧਿਐਨ ਕਰੇਗਾ ਕਿਉਂਕਿ ਇਸ ਯਥਾਰਥ ਨੂੰ ਮਨੁੱਖੀ ਇੰਦਰੀਆਂ ਦੁਆਰਾ ਵੇ ਖਿਆ,ਸਮਝਿਆ ਅਤੇ ਮਹਿਸੂਸ ਕੀਤਾ ਜਾ ਸਕਦਾ ਹੈ। ਇਸੇ ਪਰਤੱਖ ਦੀ ਖੋਜ ਨੂੰ ਵਿਧੀ ਪੂਰਵਕ ਦੋਹਰਾਇਆ ਵੀ ਜਾ ਸਕਦਾ ਹੈ ਅਤੇ ਠੋਸ ਤਰੀਕੇ ਨਾਲ ਪ੍ਰਮਾਣ ਦਿੱਤੇ ਜਾ ਸਕਦੇ ਹਨ। ਇਸੇ ਕਰਕੇ ਇਸ ਫਲਸਫੇ ਨੂੰ ਪਰਤਖਵਾਦ ਵੀ ਕਹਿੰਦੇ ਹਨ ਜੋ ਸਕਾਰਾਤਮਕਵਾਦ ਦਾ ਹੀ ਦੂਜਾ ਨਾਂ ਹੈ। ਅਪ੍ਰਤਖ ਯਥਾਰਥ ਨੂੰ ਇਸੇ ਲਈ ਵਿਗਿਆਨਕ ਦ੍ਰਿਸ਼ਟੀ ਤੋਂ ਲਾਂਭੇ ਕੀਤਾ ਗਿਆ ਕਿਉਂਕਿ ਇਹ ਨਵੀਂ ਵਿਧੀ ਉਸ ਉੱਪਰ ਲਾਗੂ ਨਹੀਂ ਸੀ ਕੀਤੀ ਜਾ ਸਕਦੀ।

ਸੋਲਵੀਂ ਅਤੇ ਸਤਾਰਵੀਂ ਸਦੀ ਵਿਚ ਭੌਤਿਕ ਵਿਗਿਆਨ ਦੀ ਪੂਰੀ ਚੜ੍ਹਤ ਸੀ। ਲਿਹਾਜ਼ਾ ਇਸ ਦਾ ਅਸਰ ਪੂਰੇ ਫਲਸਫੇ ਤੇ ਹਾਵੀ ਸੀ। ਭੌਤਿਕ ਵਿਗਿਆਨ ਨੇ ਕੁਦਰਤੀ ਪਰਪੰਚਾਂ ਵਿਚ ਨਿਯਮ ਲੱਭਣ ਦਾ ਕੰਮ ਛੇੜਿਆ ਹੋਇਆ ਸੀ ਲਿਹਾਜਾ ਗੁਰੂਤਾ ਖਿੱਚ ਦਾ ਨਿਯਮ (Laws of gravitation), ਗਤੀ (Motion), ਤਾਪ ਗਤੀ ਵਿਗਿਆਨ (thermodynamics), ਅਤੇ ਰੌਸ਼ਨੀ (Light), ਜਿਹੀਆਂ ਬੁਨਿਆਦੀ ਖੋਜਾਂ ਦਾ ਸਿਹਰਾ ਇਸ ਵਿਗਿਆਨ ਦੇ ਸਿਰ ਹੈ ਕੋਂਤ ਵੀ ਅਜਿਹੇ ਨਿਯਮ ਸਮਾਜਕ ਪਰਪੰਚਾਂ ਵਿਚ ਲੱਭਣ ਦੀ ਕੋਸ਼ਿਸ਼ ਵਿਚ ਲੱਗਿਆ। ਇਸੇ ਲਈ ਉਸ ਨੂੰ ਸਮਾਜਕ ਖੋਜ ਨੂੰ ਵਿਗਿਆਨਕ ਵਿਧੀ ਨਾਲ ਕਰਨ ਦੀ ਲੋੜ ਪਈ। ਇਹ ਸਮਾਜਕ ਨਿਯਮ ਤਾਂਹੀਓ ਲੱਭੇ ਜਾ ਸਕਦੇ ਹਨ ਜੇ ਇਹ ਵਿਧੀ ਵਿਗਿਆਨਕ ਹੋਵੇ। ਇਸੇ ਕਰਕੇ ਭੌਤਿਕ ਅਤੇ ਰਸਾਇਣ ਵਿਗਿਆਨ ਦੀਆਂ ਵਿਧੀਆਂ ਤੋਂ ਪਰਭਾਵਿਤ ਹੋ ਕੇ ਕੋਂਤ ਨੇ ਸਮਾਜ ਵਿਗਿਆਨ ਨੂੰ ਉਨ੍ਹਾਂ ਬਰਾਬਰ ਖੜਾ ਕਰਨ ਲਈ ਪਰਤੱਖਵਾਦ ਜਾਂ ਸਾਕਾਰਤਮਵਾਦ ਦਾ ਵਿਕਾਸ ਕੀਤਾ।

ਸਮਾਜ ਵਿਗਿਆਨ ਵਾਸਤੇ ਇਹ ਲਾਜ਼ਮੀ ਹੋਇਆ ਕਿ ਉਹ ਖੋਜ ਲਈ ਕੇਵਲ ਨਿਰੀਖਣ (observation ) ਪ੍ਰਯੋਗ (experimentation) ਅਤੇ ਤੁਲਨਾ (comparison) ਦੀਆਂ ਵਿਧੀਆਂ ਵਰਤੇ। ਕੋਂਤ ਇਸ ਤੋਂ ਭਲੀ ਭਾਂਤ ਵਾਕਫ ਸੀ ਕਿ ਸਮਾਜਕ ਅਤੇ ਕੁਦਰਤੀ ਪਰਪੰਚਾਂ ਵਿਚ ਫਰਕ ਹੈ ਇਸ ਲਈ ਸਮਾਜ ਵਿਗਿਆਨ ਵਿਚ ਪ੍ਰਯੋਗ ਸੰਭਵ ਨਹੀਂ। ਇਹੋ ਕਾਰਨ ਹੈ ਕਿ ਇਸ ਦੀ ਥਾਂ ਤੁਲਨਾਤਮਕ ਵਿਧੀ ਨੇ ਲਈ। ਇਕ ਸਮਾਜਕ ਪਰਪੰਚ ਦੀ ਦੂਸਰੇ ਨਾਲ ਤੁਲਨਾ ਕਰਨ ਨਾਲ ਉਨ੍ਹਾਂ ਵਿੱਚ ਆਪਸੀ ਸਾਂਝਾ ਅਤੇ ਸੰਬੰਧਾਂ ਦਾ ਗਿਆਨ ਹੁੰਦਾ ਹੈ ਜੋ ਸਾਨੂੰ (laws of resemblance) ਬਣਾਉਣ ਵਿਚ ਸਹਾਈ ਹੁੰਦਾ ਹੈ। ਉਦਾਹਰਣ ਵਜੋਂ, ਜੇ ਅਸੀਂ ਪੰਜਾਬੀ ਸਮਾਜ ਵਿਚ ਔਰਤ ਦੀ ਸਮਾਜਕ ਸਥਿਤੀ ਦਾ ਅਧਿਐਨ ਉਤਰੀ ਅਤੇ ਦੱਖਣੀ ਭਾਰਤ ਦੇ ਵੱਖ-2 ਸਮਾਜਾਂ ਦੀ ਤੁਲਨਾ ਵਿਚ ਕਰੀਏ ਤਾਂ ਸਾਨੂੰ ਅਜੋਕੀ ਸਥਿਤੀ ਦਾ ਗਿਆਨ ਵਧੇਰੇ ਡੂੰਘਾ ਹੋਵੇਗਾ ਬਨਿਸਬਤ ਇਸਦੇ ਕਿ ਜੇ ਅਸੀਂ ਇਹ ਅਧਿਐਨ ਸਿਰਫ ਪੰਜਾਬ ਤੱਕ ਹੀ ਸੀਮਤ ਰੱਖੀਏ। ਇਸ ਨਾਲ ਵੀ ਗੱਲ ਪੂਰੀ ਨਹੀਂ ਹੁੰਦੀ। ਸਮਾਜਕ ਪਰਪੰਚ ਇਕ ਦੂਸਰੇ ਨਾਲ ਹੀ ਜੁੜੇ ਹੋਏ ਨਹੀਂ ਹੁੰਦੇ। ਬਲਕਿ ਉਨ੍ਹਾਂ ਦੇ ਵਿਕਾਸ ਦੇ ਆਪਣੇ ਪੜਾਅ ਹੁੰਦੇ ਹਨ। ਉਨ੍ਹਾਂ ਦਾ ਆਪਣਾ ਇਤਿਹਾਸ ਹੁੰਦਾ ਹੈ ਜੋ ਉਨ੍ਹਾਂ ਦੇ ਮੌਜੂਦਾ ਕਿਰਦਾਰ ਉੱਪਰ ਹਾਵੀ ਹੁੰਦਾ ਹੈ। ਉਨ੍ਹਾਂ ਦਾ ਵਿਕਾਸ ਕਿਵੇਂ ਹੋਇਆ, ਉਹ ਕਿਹੜੇ-2 ਪੜਾਵਾਂ ਵਿਚੋਂ ਕਿਵੇਂ-2 ਨਿਕਲੇ ਇਹ ਜਾਨਣਾ ਵੀ ਜ਼ਰੂਰੀ ਹੈ। ਇਸੇ ਲਈ ਕੋਂਤ ਇਹ ਹਦਾਇਤ ਕਰਦਾ ਹੈ ਕਿ ਉਪਰ ਦੱਸੀਆਂ ਵਿਧੀਆਂ ਆਪਣੇ ਆਪ ਵਿਚ ਪੂਰੀਆਂ ਨਹੀਂ। ਇਨ੍ਹਾਂ ਨੂੰ ਇਤਿਹਾਸਕ ਵਿਧੀ (historical method) ਨਾਲ ਜੋੜ ਕੇ ਵੇਖਣਾ ਚਾਹੀਦਾ ਹੈ। ਇਸੇ ਵਿਧੀ ਸਦਕਾ ਲਗਾਤਾਰਤਾ ਜਾਂ ਨਿਰੰਤਰਤਾ ਦੇ ਨਿਯਮ (laws of succession) ਲੱਭੇ ਜਾਣਗੇ ਜਾਂ ਸਾਹਮਣੇ ਆਉਣਗੇ। ਉਦਾਹਰਣ ਵਜੋਂ, ਪਿੱਛੇ ਦੱਸੇ ਸਮਾਜ ਦੇ ਤਿੰਨ ਪੜਾਅਵਾਂ ਦਾ ਸਿਧਾਂਤ ਦਸਦਾ ਹੈ ਕਿ ਸਮਾਜ ਵਿਚ ਤਬਦੀਲੀ ਕਿਵੇਂ ਕਿਵੇਂ ਆਈ ਜਿਸ ਨਾਲ ਸਮਾਜ ਅਤੇ ਉਸ ਦੀਆਂ ਵੱਖਰੀਆਂ ਵੱਖਰੀਆਂ ਸੰਸਥਾਵਾਂ ਦੇ ਸੁਭਾਅ ਵਿਚ ਕਿਸ ਤਰ੍ਹਾਂ ਦਾ ਬਦਲਾਓ ਆਇਆ। ਇਸੇ ਤਰ੍ਹਾਂ ਜੇ ਅਸੀਂ ਅਜੋਕੇ ਪਰਿਵਾਰ ਬਾਰੇ ਜਾਨਣਾ ਹੋਵੇ ਤਾਂ ਉਸ ਦਾ ਪਿਛੋਕੜ ਜਾਣੇ ਬਿਨਾਂ ਇਹ ਕਾਰਜ ਅਧੂਰਾ ਹੀ ਰਹਿ ਜਾਵੇਗਾ।

## ਆਪਣਾ ਗਿਆਨ ਪਰਖੋ :

(ੳ) ਕਾਲਪਨਿਕ ਪੜਾਅ ਤੋਂ ਤੁਹਾਡਾ ਕੀ ਭਾਵ ਹੈ?

..............................................................................................

..............................................................................................

..............................................................................................

(ਅ) ਪ੍ਰਤੀਕ ਪੂਜਨ ਕਿਸਨੂੰ ਆਖਦੇ ਹਨ?

..............................................................................................

..............................................................................................

..............................................................................................

(ੲ) ਸਾਕਾਰਾਤਮਕ ਕੀ ਹੁੰਦਾ ਹੈ?

..............................................................................................

..............................................................................................

..............................................................................................

ਪ੍ਰੋ.ਸਵਿੰਦਰਜੀਤ ਕੌਰ ਨੇ ਸਮਾਜ ਵਿਗਿਆਨਕ ਪੱਤਰ ਦੇ (ਸਮਾਜ ਵਿਗਿਆਨਕ ਸਿਧਾਂਤ ਦੇ ਅੰਕ 26,27, 28) ਵਿਚ ਅਗਸਤ ਕੋਂਤ ਦੇ ਹਵਾਲੇ ਨਾਲ ਸਾਕਾਰਾਤਮਕਵਾਦ ਦੀਆਂ ਵਿਸ਼ੇਸ਼ਤਾਈਆਂ ਨੂੰ ਹੇਠ ਲਿਖੇ ਅਨੁਸਾਰ ਬਿਆਨ ਕੀਤਾ ਹੈ:

**ਸਕਾਰਾਤਮਕਵਾਦ ਦੀਆਂ ਮੁੱਖ ਵਿਸ਼ੇਸ਼ਤਾਈਆਂ (Main Cnaracteristics of Positivism)**

1) ਕੌਂਤ ਦਾ ਸਕਾਰਾਤਮਕਵਾਦ ਜਾਂ ਵਿਗਿਆਨ ਦਾ ਖੇਤਰ ਕੇਵਲ ਉਹਨਾ ਪਰਪੰਚਾ ਜਾਂ ਤੱਥਾਂ ਤੱਕ ਸੀਮਿਤ ਹੈ, ਜਿਹਨਾਂ ਨੂੰ ਅਸੀ ਅੱਖਾਂ ਨਾਲ ਵੇਖ ਸਕਦੇ ਹਾਂ, ਜਾਂ ਪ੍ਰੇਖਣ ਤੇ ਵਰਨਣ ਕਰ ਸਕਦੇ ਹਾਂ। ਪਰ ਇਸਦਾ ਇਹ ਮਤਲਬ ਨਹੀਂ, ਕਿ ਜੋ ਕੁਝ ਅਗਿਆਤ ਹੈ, ਉਸ ਨੂੰ ਜਾਨਣ ਜਾਂ ਖੋਜ ਕਰਨ ਦਾ ਯਤਨ ਸਕਾਰਾਤਮਕਵਾਦ ਦੇ ਅੰਤਰਗਤ ਨਹੀਂ ਆਉਂਦਾ। ਇਸ ਦਾ ਮਤਲਬ ਕੇਵਲ ਏਨਾ ਹੀ ਹੈ, ਕਿ ਸਕਾਰਾਤਮਕਵਾਦ ਅਗਿਆਤ ਦੇ ਪਿਛੇ ਬਿਨਾ ਕਿਸੇ ਵਾਸਤਵਿਕ ਅਧਾਰ ਤੇ ਦੌੜਦਾ ਨਹੀਂ। ਸਕਾਰਾਤਮਵਾਦੀ ਤਾਂ ਕੇਵਲ ਉਹਨਾ ਪਰਪੰਚਾਂ ਦਾ ਅਧਿਐਨ ਕਰਦਾ ਹੈ, ਜਿਹਨਾਂ ਵਿਚ ਉਹਨਾ ਨਾਲ ਸਬੰਧਿਤ ਤੱਥਾਂ ਦਾ ਵਾਸਤਵਿਕ ਨਿਰੀਖਣ ਅਤੇ ਪ੍ਰੇਖਣ ਸਬੰਧ ਹੋਵੇ।

(2) ਉਪਰੋਕਤ ਚਰਚਾ ਤੋਂ ਇਹ ਵੀ ਸਪੱਸ਼ਟ ਹੈ ਕਿ ਕੌਂਤ ਨੇ ਪਦਾਰਥ ਜਗਤ ਨੂੰ ਹੀ ਵਾਸਤਵਿਕ ਮੰਨਿਆ, ਅਤੇ ਕਿਸੇ ਵਸਤੂ ਦੇ ਕਾਰਨਾ ਨੂੰ ਜਾਨਣ ਲਈ ਧਾਰਮਕ ਅਤੇ ਅਧਿਆਤਮਕ ਵਿਸ਼ਵਾਸ਼ਾਂ ਨੂੰ ਨਾ ਆਪਣਾ ਕੇ ਅਨੁਭਵ ਅਤੇ ਨਿਰੀਖਣ ਨੂੰ ਅਪਣਾਇਆ।

(3) ਕੌਂਤ ਦੇ ਸਕਾਰਾਤਮਕਵਾਦ ਦਾ ਤੀਸਰਾ ਮਹੱਤਵਪੂਰਨ ਤੱਥ ਸਾਪੇਖਵਾਦ (relativisim) ਹੈ। ਉਹ ਦਾਅਵੇ ਨਾਲ ਕਹਿੰਦਾ ਹੈ, ਕਿ ਵਿਗਿਆਨਕ ਵਿਧੀ ਦੁਆਰਾ ਪ੍ਰਾਪਤ ਗਿਆਨ ਕਦੀ ਵੀ ਅੰਤਿਮ ਤੇ ਪੂਰਨ ਨਹੀਂ ਹੋ ਸਕਦਾ, ਅਤੇ ਨਾ ਹੀ ਹੋਵੇਗਾ, ਮਨੁੱਖ ਦਾ ਸੁਭਾਅ ਅਤੇ ਉਸ ਦੀਆਂ ਸਥਿਤੀਆਂ ਕਾਰਨ ਇਹ ਹਮੇਸ਼ਾਂ ਸਾਖੇਪ ਹੋਵੇਗਾ, ਪਰ ਉਸ ਸਹੀ ਸਮੇਂ ਕਾਮਤੇ ਦਾ ਇਹ ਵੀ ਕਹਿਣਾ ਹੈ ਕਿ ਇਹ ਅਟਕੱਲਪੱਚੂ ਨਹੀਂ ਹੋਵੇਗਾ, ਬਲਕਿ ਪਰਖਣ ਯੋਗ ਸਚਾਈ ਦੀ ਉਸ ਸਭ ਤੋਂ ਸਪਸ਼ਟ ਕਸੱਵਟੀ ਤੇ ਆਧਾਰਿਤ ਹੋਵੇਗਾ, ਜੋ ਮਨੁੱਖ ਨੇ ਆਪਣੇ ਸਮੇਂ ਪ੍ਰਾਪਤ ਕੀਤੀ ਹੈ ਜਿਵੇਂ ਕਿ ਹੋਰਨਾ ਸਕਾਰਾਤਮਕ ਵਿਗਿਆਨਾਂ ਵਿਚ ਹੁੰਦਾ ਹੈ, ਉਸੇ ਤਰ੍ਹਾਂ ਇਸ ਵਿਚ ਵੀ ਸਮਗਰੀ ਦੀ ਵਸਤੂਪਰਕ ਜਾਂਚ ਕਦੇ ਵੀ ਕੀਤੀ ਜਾ ਸਕਦੀ ਹੈ।

(4) ਕੌਂਤ ਦੇ ਸਕਾਰਾਤਮਕਵਾਦ ਦੀ ਚੌਥੀ ਵਿਸ਼ੇਸ਼ਤਾਈ ਇਹ ਹੈ ਕਿ ਉਸ ਨੇ ਪਰਤੱਖਵਾਦ ਨੂੰ ਸਿਧਾਂਤਕ ਵਿਆਖਿਆ ਤੱਕ ਹੀ ਸੀਮਿਤ ਨਹੀਂ ਰੱਖਿਆ। ਕਾਮਤੇ ਨੇ ਇਸਨੂੰ ਇਕ ਸਾਧਨ ਵੀ ਮੰਨਿਆ, ਜਿਸ ਦੁਆਰਾ ਸਮਾਜਕ ਪੁਨਰ ਨਿਰਮਾਣ ਸੰਭਵ ਹੈ। ਕੌਂਤ ਦਾ ਉਦੇਸ਼ ਬੌਧਿਕ ਅਤੇ ਨੈਤਿਕ ਏਕਤਾ ਦੇ ਅਧਾਰ ਉੱਤੇ ਸਮਾਜ ਦਾ ਸੰਗਠਨ ਕਰਨਾ ਸੀ। ਇਹ ਏਕਤਾ ਗਿਆਨ ਬਿਨਾ ਸੰਭਵ ਨਹੀਂ ਅਤੇ ਗਿਆਨ ਦੀ ਪ੍ਰਾਪਤੀ ਸਕਾਰਾਤਮਵਾਦੀ ਸਿਧਾਂਤਾਂ ਦੇ ਆਧਾਰ ਤੇ ਹੀ ਸੰਭਵ ਹੈ। ਸਕਾਰਾਤਮਵਾਦੀ ਕਾਰਜ ਪਰਨਾਲੀ ਨਾਲ ਜਿਸ ਗਿਆਨ ਦੀ ਪ੍ਰਾਪਤੀ ਹੋਵੇਗੀ, ਉਹ ਗਿਆਨ ਵਾਸਤਵਿਕ ਗਿਆਨ ਹੋਵੇਗਾ, ਅਤੇ ਉਸੇ ਗਿਆਨ ਦੇ ਅਧਾਰ ਉਤੇ ਮਨੁੱਖ ਸਮਾਜ ਦੇ ਵਿਕਾਸ ਬਾਰੇ ਭਵਿਖ ਬਾਣੀ ਕੀਤੀ ਜਾ ਸਕਦੀ ਹੈ, ਅਤੇ ਇਸ ਦੀ ਸਮਾਜ ਦੀਆਂ ਵਿਹਾਰਿਕ ਨੀਤੀਆਂ ਬਣਾਉਣ ਲਈ ਵੀ ਵਰਤੋਂ ਕੀਤੀ ਜਾ ਸਕਦੀ ਹੈ। ਸੰਖੇਪ ਸ਼ਬਦਾਂ ਵਿਚ, ਸਕਾਰਾਤਮਵਾਦ ਉਹ

ਸਿਧਾਂਤ ਹੈ, ਜਿਸ ਦੁਆਰਾ ਸਮਾਜਕ ਪੁਨਰ-ਨਿਰਮਾਣ ਦੀ ਯੋਜਨਾ ਸੰਭਵ ਹੋਵੇਗੀ।

ਸੰਖੇਪ ਵਿਚ, ਸਕਾਰਾਤਮਕ ਸਿਧਾਤਾਂ ਦੀ ਪਰਧਾਨਤਾ ਵਿੱਚ ਕੌਂਤ ਦਾ ਅਥਾਹ ਵਿਸ਼ਵਾਸ਼ ਸੀ। ਸਪੱਸ਼ਟ ਹੈ, ਅਜਿਹਾ ਹੋਣ ਦਾ ਕਾਰਨ ਸਕਾਰਾਤਮਕ ਫਿਲਾਸਫੀ ਦੇ ਸਮਾਜਕ ਕਾਰਜ ਅਤੇ ਉਸ ਦੀ ਪੂਰਨ ਤਾਰਕਿਕ ਸੰਜੋੜਤਾ ਸੀ। ਕੌਂਤ ਦਾ ਵਿਚਾਰ ਸੀ, ਕਿ ਸਕਾਰਾਤਮਕ ਸਿਧਾਂਤ ਉਸਦੇ ਸਮੇਂ ਦੀ ਅਨਿਯਮਿਤ ਰਾਜਨੀਤੀ ਨੂੰ ਇਕ ਰੂਪ ਅਤੇ ਤਾਰਕਿਕ ਲੱਛਣ ਪਰਦਾਨ ਕਰਨਗੇ, ਜਿਸ ਨਾਲ ਸਮਾਜਕ ਵਿਚਾਰਾਂ ਦੀ ਸਮੁੱਚੀ ਵਿਵਸਥਾ ਵਿਚ ਸਮਾਨਯ ਇਕ ਸੁਰਤਾ ਸਥਾਪਿਤ ਹੋ ਜਾਵੇਗੀ।

ਉਸ ਨੇ ਸਕਾਰਾਤਮਕਵਾਦ ਨੂੰ ਧਰਮ-ਸ਼ਾਸ਼ਤਰਵਾਦ ਅਤੇ ਅਧਿਆਤਮਵਾਦ ਨਾਲੋਂ ਉਤਮ ਮੰਨਿਆ ਅਤੇ ਕਿਹਾ, ਜਿਥੇ ਅਧਿਆਤਮਵਾਦੀ ਸੰਪਰਦਾਏ ਨੇ ਕਰਾਂਤੀ ਤੋਂ ਪਹਿਲੇ ਸਾਰੇ ਸਮੇਂ ਨੂੰ ਭੰਡਿਆ, ਅਤੇ ਪਛਗਾਮੀ ਸੰਪਰਦਾਏ ਨੇ ਸਮੁੱਚੇ ਆਧੁਨਿਕ ਸਮੇਂ ਨੂੰ ਨਿੰਦਿਆ, ਉਥੇ ਕੇਵਲ ਸਕਾਰਾਤਮਕ ਸਿਧਾਂਤ ਹੀ ਹਨ, ਜਿਹਨਾਂ ਨੇ ਅਟੁੱਟ ਮਨੁੱਖੀ ਕਿਰਤਾਂ, ਜੋ ਕਿ ਮੌਜੂਦਾ ਕਰਮਵਿਕਾਸ ਜਿਹੜਾ ਮਨੁੱਖੀ ਕਿਰਤਾਂ ਦੇ ਰੂਪਾਂਤਰਣ ਦੀਆਂ ਹੀ ਕਰਮਵਾਰ ਲੜੀਆਂ ਦਾ ਲਾਜ਼ਮੀ ਪਰਿਣਾਮ ਹੈ- ਦੀ ਪ੍ਰਤੀਨਿਧਤਾ ਕਰਦੇ ਹਨ, ਦੇ ਬੁਨਿਆਦੀ ਨਿਯਮਾਂ ਦੀ ਸ਼ਨਾਖਤ ਕੇਵਲ ਪ੍ਰਕ੍ਰਿਤਕ ਵਿਗਿਆਨਾਂ ਦੀ ਵਿਧੀ ਨੂੰ ਸਮਾਜਕ ਪਰਪੰਚ ਤੇ ਲਾਗੂ ਕਰਕੇ ਕੀਤੀ।

ਇਉਂ ਕੌਂਤ ਦਾ ਵਿਸ਼ਵਾਸ ਸੀ ਕਿ ਸਕਾਰਾਤਮਕ ਸਿਧਾਤਾਂ ਰਾਹੀਂ ਮਨੁੱਖੀ ਸਮਾਜ ਬਾਰੇ ਵਾਸਤਵਿਕ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਇਹ ਸਮਾਜਵਿਗਆਨੀ ਸਕਾਰਾਤਮਕ ਸਿਧਾਂਤਾਂ ਦੇ ਆਧਾਰ ਉੱਤੇ ਸਮਾਜ ਨੂੰ ਉਸ ਵਾਸਤਵਿਕ ਗਿਆਨ ਨਾਲ ਅਮੀਰ ਕਰਨਾ ਚਾਹੁੰਦਾ ਸੀ ਜਿਸ ਦੇ ਆਧਾਰ ਤੇ ਸਮਾਜ ਦਾ ਪੁਨਰ ਨਿਰਮਾਣ ਕੁਝ ਨੈਤਿਕ ਨਿਯਮਾਂ ਦੇ ਆਧਾਰ ਉਤੇ ਨਾ ਕਿ ਕਰਾਂਤੀ ਰਾਹੀਂ ਸੰਭਵ ਹੋ ਸਕੇ। ਸਮਾਜ ਵਿਗਿਆਨ ਦੀ ਵਿਗਿਆਨਕ ਵਿਧੀ ਵਿਚ ਪ੍ਰੇਖਣ, ਵਰਨਣ, ਵਰਗੀਕਰਨ,ਤੁਲਨਾ, ਪ੍ਰਯੋਗਾਤਮਕ ਜਿਥੋਂ ਤੱਕ ਸੰਭਵ ਹੋਵੇ ਅਤੇ ਇਤਿਹਾਸਕ ਵਿਧੀ ਸ਼ਾਮਲ ਹਨ।

## 1.5 ਸਾਰ

ਉਪਰੋਕਤ ਚਰਚਾ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਅਗਸਤ ਕੋਂਤ ਨੇ ਸਮਾਜ ਦਾ ਨਵੇਂ ਸਿਰਿਓਂ ਪੁਨਰ-ਗਠਨ ਕਰਨਾ ਚਾਹਿਆ। ਉਸ ਨੇ ਸੋਸ਼ਿਆਲੌਜੀ ਨੂੰ ਕੇਵਲ ਸਮਾਜ ਦਾ ਵਿਗਿਆਨ ਹੀ ਨਹੀਂ ਮੰਨਿਆ ਸਗੋਂ ਵਿਸ਼ਵਾਸ ਕੀਤਾ ਕਿ ਸਮਾਜ ਵਿਗਿਆਨ ਨੂੰ ਸਮਾਜ ਦੇ ਪੁਨਰ ਸੰਗਠਨ ਲਈ ਵਰਤਨਾ ਚਾਹੀਦਾ ਹੈ ਉਸ ਨੇ ਸਮਾਜ ਲਈ ਇਕ ਅਜਿਹਾ ਕੁਦਰਤੀ ਵਿਗਿਆਨ ਵਿਕਸਿਤ ਕਰਨਾ ਚਾਹਿਆ ਜੋ ਬੀਤ ਚੁੱਕੇ ਮਨੁੱਖੀ ਵਿਕਾਸ ਦੀ ਵਿਆਖਿਆ ਕਰੇ ਅਤੇ ਇਸਦੇ ਨਾਲ ਨਾਲ ਆਉਣ ਵਾਲੇ ਮਾਰਗ ਦੀ ਭਵਿੱਖਬਾਣੀ ਕਰ ਸਕੇ। ਕੋਂਤ ਦਾ ਮੰਨਣਾ ਸੀ ਕਿ ਮਨੁੱਖੀ ਸਮਾਜ ਦਾ ਅਧਿਐਨ ਵੀ ਉਸੇ ਵਿਗਿਆਨਕ ਤਰੀਕੇ ਨਾਲ ਹੋਣਾ ਚਾਹੀਦਾ ਹੈ ਜਿਵੇਂ ਅਸੀਂ ਕੁਦਰਤੀ ਸੰਸਾਰ ਦਾ ਅਧਿਐਨ ਕਰਦੇ ਹਾਂ। ਕੁਦਰਤੀ ਵਿਗਿਆਨਾਂ ਦੇ ਨਿਯਮਾਂ ਦੀ ਤਰ੍ਹਾਂ ਹੀ ਸਮਾਜ ਵਿਚ ਸਮਾਜਿਕ ਨਿਯਮ ਲੱਭੇ ਜਾ ਸਕਦੇ ਹਨ।

ਕੋਂਤ ਦਾ ਮੰਨਣਾ ਸੀ ਕਿ ਸਮਾਜ ਦੇ ਨਵੇਂ ਵਿਗਿਆਨ ਨੂੰ ਵਿਰਾਸਤ ਦੀ ਸੱਤਾ ਤੇ ਨਿਰਭਰ ਕਰਨ ਦੀ ਬਜਾਏ ਤਰਕ ਅਤੇ ਨਿਰੀਖਣ ਤੇ ਨਿਰਭਰ ਕਰਨਾ ਚਾਹੀਦਾ ਹੈ ਤਾਂ ਹੀ ਇਸ ਨੂੰ ਵਿਗਿਆਨਕ ਮੰਨਿਆ ਜਾ ਸਕਦਾ ਹੈ। ਇਸ ਨੂੰ ਦੂਸਰੀਆਂ ਕੁਦਰਤੀ ਵਿਗਿਆਨਾਂ ਦੀ ਤਰ੍ਹਾਂ ਹੀ ਜਾਂਚ ਲਈ ਨਿਰੀਖਣ , ਪ੍ਰਯੋਗਆਤਮਕ, ਤੁਲਨਾਤਮਕ ਅਤੇ ਇਤਿਹਾਸਕ ਵਿਧੀਆਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ।

ਇਨ੍ਹਾਂ ਵਿਧੀਆਂ ਦੁਆਰਾ ਹੀ ਕੋਂਤ ਨੇ ਸਮਾਜਿਕ ਨਿਯਮ ਲੱਭਣੇ ਚਾਹੇ ਕਿਉਂਕਿ ਜੇਕਰ ਸਾਨੂੰ ਸਮਾਜ ਦੇ ਨਿਯਮਾਂ ਦੀ ਜਾਣਕਾਰੀ ਹੋਵੇਗੀ ਤਾਂ ਹੀ ਅਸੀਂ ਇਸ ਦਾ ਪੁਨਰ ਸੰਗਠਨ ਕਰ ਸਕਦੇ ਹਾਂ।

ਕੋਂਤ ਨੇ ਦਸਿਆ ਕਿ ਹਰ ਸਮਾਜ ਕਰਮ ਅਨੁਸਾਰ ਤਿੰਨ ਪੜ੍ਹਾਵਾਂ ਵਿਚੋਂ ਲੰਘਦਾ ਹੈ ਉਹ ਹਨ ਅਧਿਆਤਮਕ, ਅਧਿਭੌਤਿਕੀ ਅਤੇ ਸਕਾਰਾਤਮਕ। ਇਹ ਕਰਮ ਅੱਗੇ ਪਿੱਛੇ ਨਹੀਂ ਹੋ ਸਕਦਾ। ਕੋਂਤ ਅਨੁਸਾਰ ਇਹ ਪੜਾਅ ਮਨੁੱਖੀ ਗਿਆਨ ਤੇ ਨਿਰਭਰ ਹਨ ਅਤੇ ਮਨ ਦੇ ਵਿਕਾਸ ਅਨੁਸਾਰ ਹੁੰਦੇ ਹਨ। ਇਹ ਪੜਾਅ ਮਨੁੱਖੀ ਬੌਧਿਕ

ਵਿਕਾਸ ਦੇ ਪੜਾਵਾਂ ਦੀ ਤਰ੍ਹਾਂ ਹੀ ਹੁੰਦੇ ਹਨ। ਕਾਰਲ ਮਾਰਕਸ ਦਾ ਮੰਨਣਾ ਸੀ ਕਿ ਸਮਾਜ ਦੇ ਪੜਾਅ ਆਰਥਕ ਜਾਂ ਪਦਾਰਥਕ ਕਾਰਨਾਂ ਦੇ ਨਿਰਭਰ ਹਨ ਪ੍ਰੰਤੂ ਕੋਂਤ ਅਨੁਸਾਰ ਜਿਵੇਂ ਜਿਵੇਂ ਸਾਡੀ ਬੋਧਿਕਤਾ ਦਾ ਵਿਕਾਸ ਹੁੰਦਾ ਹੈ ਉਵੇਂ ਉਵੇਂ ਹੀ ਅਸੀਂ ਸਮਾਜ ਦੇ ਹੇਠਲੇ ਤੋਂ ਉਪਰਲੇ ਪੜਾਅ ਵੱਲ ਵੱਧਦੇ ਹਾਂ।

## 1.6 ਅਭਿਆਸ ਲਈ ਪ੍ਰਸ਼ਨ

(ੳ) ਅਗਸਤ ਕੋਂਤ ਦਾ ਸਮਾਜ ਦਾ ਤਿੰਨ ਪੜ੍ਹਾਵਾਂ ਦਾ ਸਿਧਾਂਤ ਕੀ ਹੈ? ਬਿਆਨ ਕਰੋ।

(ਅ) ਅਗਸਤ ਕੋਂਤ ਦਾ ਸਕਾਰਾਤਮਕਵਾਦ ਤੋਂ ਕੀ ਭਾਵ ਹੈ?

## ਸੰਖੇਪ ਸਵਾਲ

(1) ਅਗਸਤ ਕੋਂਤ ਦਾ ਅਧਿਆਤਮਕ ਜਾਂ ਕਾਲਪਨਿਕ ਪੜਾਅ ਤੋਂ ਕੀ ਭਾਵ ਹੈ?

(2) ਅਧਿਭੌਤਿਕ ਪੜਾਅ ਨੂੰ ਬਿਆਨ ਕਰੋ।

(3) ਸਾਕਾਰਤਮ ਜਾਂ ਵਿਗਿਆਨਕ ਪੜਾਅ ਤੇ ਰੋਸ਼ਨੀ ਪਾਓ।

(4) ਪ੍ਰਤੀਕ ਪੂਜਨ ਕਿਸਨੂੰ ਆਖਦੇ ਹਨ।

(5) ਇਕ ਈਸ਼ਵਰਵਾਦ ਦਾ ਕੀ ਅਰਥ ਹੈ।

## 1.7 ਉਪਯੋਗੀ ਪੁਸਤਕਾਂ

Timasheff Nacholas S : Sociological Theory : Its Nature and Growth, Third Edition. Random House : New York, 1967.

P.S Judge : Samaj Vigyanik Drishtikon Ate Sidhant, Punjabi University, Patiala, 1998.

Jammu and Bhatnagar: Samaj Vigyanik Pattar, (Ank 26, 27, 28) Punjabi University, Patiala.

**ਪਾਠ ਨੰਬਰ : 1.2** **ਲੇਖਿਕਾ :ਹਰਿੰਦਰ ਕੌਰ**

# ਹਰਬਰਟ ਸਪੈਂਸਰ
# (ਆਂਗਿਕ ਸਮਾਨਤਾ ਅਤੇ ਸਮਾਜ ਦੀਆਂ ਕਿਸਮਾਂ)

**ਬਣਤਰ**

2.0 ਉਦੇਸ਼

2.1 ਜਾਣ-ਪਣਾਣ

2.2 ਹਰਬਰਟ ਸਪੈਂਸਰ ਦੀ ਜੀਵਨੀ

2.3 ਆਂਗਿਕ ਸਮਾਨਤਾ

2.4 ਸਮਾਜ ਦੀਆਂ ਕਿਸਮਾਂ

2.4.1 ਸੰਰਚਨਾ ਦੇ ਆਧਾਰ ਤੇ

2.4.2 ਕਾਰਜ ਦੇ ਆਧਾਰ ਤੇ

2.5 ਸਾਰ

2.6 ਅਭਿਆਸ ਲਈ ਪ੍ਰਸ਼ਨ

2.7 ਉਪਯੋਗੀ ਪੁਸਤਕਾਂ

## 2.0 ਉਦੇਸ਼

* ਇਸ ਪਾਠ ਨੂੰ ਪੜ੍ਹਨ ਉਪਰੰਤ ਤੁਹਾਨੂੰ ਹਰਬਰਟ ਸਪੈਂਸਰ ਦੀ ਸੰਖੇਪ ਜੀਵਨੀ ਦਾ ਗਿਆਨ ਹੋਵੇਗਾ।
* ਤੁਸੀਂ ਹਰਬਰਟ ਸਪੈਂਸਰ ਦੁਆਰਾ ਦਿੱਤੇ ਆਂਗਿਕ ਸਮਾਨਤਾ ਦੇ ਸੰਕਲਪ ਬਾਰੇ ਜਾਣਕਾਰੀ ਹਾਸਿਲ ਕਰੋਗੇ ਕਿ ਕਿਵੇਂ ਸਾਡਾ ਸਮਾਜ ਇਕ ਜੀਵ ਦੀ ਤਰ੍ਹਾਂ ਹੈ ਅਤੇ ਕਿਸ ਤਰ੍ਹਾਂ ਉਸ ਤੋਂ ਭਿੰਨ।
* ਹਰਬਰਟ ਸਪੈਂਸਰ ਅਨੁਸਾਰ ਸਮਾਜ ਦੀ ਸੰਰਚਨਾ ਅਤੇ ਕਾਰਜ ਦੇ ਆਧਾਰ ਤੇ ਦਿੱਤੀਆਂ ਕਿਸਮਾਂ ਬਾਰੇ ਜਾਣ ਸਕੋਗੇ।

## 2.1 ਜਾਣ ਪਛਾਣ

ਇਸ ਪਾਠ ਵਿੱਚ ਹਰਬਰਟ ਸਪੈਂਸਰ ਦੀ ਸੰਖੇਪ ਜੀਵਨੀ ਦਰਸਾਈ ਗਈ ਹੈ ਅਤੇ ਉਸ ਵੱਲੋਂ ਦਿੱਤੇ ਸਮਾਜ ਦੇ ਕਰਮ ਵਿਕਾਸ ਦੇ ਸਿਧਾਂਤ ਤੇ ਰੋਸ਼ਨੀ ਪਾਈ ਗਈ ਹੈ।ਹਰਬਰਟ ਸਪੈਂਸਰ ਅਨੁਸਾਰ ਸਮੇਂ ਸਮੇਂ ਸਿਰ ਸਮਾਜ ਵਿਚ ਅਨੇਕਾਂ ਤਬਦੀਲੀਆਂ ਆਈਆਂ ਅਤੇ ਇਸਦਾ ਕਰਮ ਵਿਕਾਸ ਹੋਇਆ। ਇਹ ਸਧਾਰਨ ਤੋਂ ਜਟਿਲ, ਸਮਰੂਪਤਾ ਤੋਂ ਅਸਮਰੂਪਤਾ ਅਤੇ ਅਵਿਭੇਦੀਕਰਣ ਤੋਂ ਵਿਭੇਦੀਕਰਣ ਵੱਲ ਵਧਿਆ। ਹਰਬਰਟ ਸਪੈਂਸਰ ਅਨੁਸਾਰ ਸਮਾਜ ਇੱਕ ਮਨੁੱਖੀ ਜੀਵ ਦੀ ਤਰ੍ਹਾਂ ਹੈ। ਇਨ੍ਹਾਂ ਦੋਵਾਂ ਵਿਚ ਬਹੁਤ ਕਿਸਮ ਦੀਆਂ ਸਮਾਨਤਾਵਾਂ ਅਤੇ ਅਸਮਾਨਤਾਵਾਂ ਹਨ। ਹਰਬਰਟ ਸਪੈਸ਼ਰ ਦਾ ਮੰਨਣਾ ਹੈ ਕਿ ਸੰਰਚਨਾ ਦੇ ਆਧਾਰ ਤੇ

ਸਮਾਜ ਚਾਰ ਕਿਸਮਾਂ ਦੇ ਹੁੰਦੇ ਹਨ ਅਤੇ ਕਾਰਜ ਦੇ ਆਧਾਰ ਤੇ ਸਮਾਜ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ ਇਹਨਾ ਸਭ ਦਾ ਵਰਨਣ ਅਸੀਂ ਇਸ ਪਾਠ ਵਿਚ ਪੜ੍ਹਾਂਗੇ।

## 2.2 ਹਰਬਰਟ ਸਪੈਂਸਰ ਦੀ ਜੀਵਨੀ

ਜਦੋਂ ਵੀ ਸਮਾਜ ਵਿਗਿਆਨ ਦਾ ਜ਼ਿਕਰ ਆਉਂਦਾ ਹੈ, ਹਰਬਰਟ ਸਪੈਂਸਰ ਦਾ ਨਾਂ ਉਨ੍ਹਾਂ ਮੁਢਲਿਆਂ ਚਿੰਤਕਾਂ ਵਿਚ ਆਉਂਦਾ ਹੈ ਜਿਨ੍ਹਾਂ ਨੇ ਇਸ ਵਿਗਿਆਨ ਦੀ ਸਥਾਪਨਾ ਵਿਚ ਵੱਡਮੁੱਲਾ ਯੋਗਦਾਨ ਪਾਇਆ। ਜੇ ਇਉਂ ਵੀ ਕਹਿ ਦਿੱਤਾ ਜਾਵੇ ਕਿ ਇੰਗਲੈਂਡ ਵਿਚ ਸਮਾਜ ਵਿਗਿਆਨ ਦਾ ਬਾਨੀ ਸਪੈਂਸਰ ਹੀ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ। ਬੇਸ਼ਕ ਕੋਂਤ ਇਸ ਵਿਗਿਆਨ ਦਾ ਬਾਨੀ ਹੈ ਪਰ ਇੰਗਲੈਂਡ ਵਿਚ ਇਸਦੀ ਮਕਬਲੂੀਅਤ (popularity) ਦਾ ਸਿਹਰਾ ਸਪੈਂਸਰ ਦੇ ਸਿਰ ਹੀ ਬਨ੍ਹਿਆ ਜਾਂਦਾ ਹੈ।

ਡਰਬੀ ਦੇ ਇੱਕ ਸਧਾਰਨ ਪਰਿਵਾਰ ਵਿਚ ਸਪੈਂਸਰ ਦਾ ਜਨਮ 27 ਅਪ੍ਰੈਲ 1820 ਨੂੰ ਹੋਇਆ ਇਸ ਦੇ ਪਿਤਾ ਜੌਰਜ ਸਪੈਸਰ ਇਕ ਸਕੂਲ ਮਾਸਟਰ ਸਨ ਜੋ ਆਪਣੇ ਰੈਡੀਕਲ ਵਿਚਾਰਾਂ ਦੇ ਮਾਲਕ ਸਨ। ਇਸ ਦਾ ਅਸਰ ਸਪੈਂਸਰ ਦੀ ਪੜ੍ਹਾਈ ਉਤੇ ਵੀ ਪਿਆ। ਉਸ ਨੂੰ ਉਥੋਂ ਦੀਆਂ ਪ੍ਰਸਿੱਧ-ਔਕਸਫੋਰਡ ਅਤੇ ਕੈਂਬਰਿਜ਼-ਯੂਨੀਵਰਸਿਟੀਆਂ ਵਿਚ ਦਾਖਲਾ ਨਹੀਂ ਦਿੱਤਾ ਗਿਆ। ਸਪੈਂਸਰ ਦੀ ਮੁੱਢਲੀ ਸਿੱਖਿਆ ਸਕੂਲ ਦੀ ਬਜਾਏ ਮਾਂ-ਬਾਪ ਤੋਂ ਹੀ ਹਾਸਲ ਹੋਈ। 13 ਵਰ੍ਹਿਆਂ ਦਾ ਸਪੈਂਸਰ ਆਪਣੇ ਅੰਕਲ ਕੋਲ ਚਲਿਆ ਗਿਆ ਜਿਸ ਨੇ ਉਸ ਨੂੰ ਫਲਸਫੇ ਅਤੇ ਕੁਦਰਤੀ ਵਿਗਿਆਨਾਂ ਦੀ ਤਾਲੀਮ ਦਿੱਤੀ। ਸੋਲਵੇਂ ਵਰ੍ਹੇ ਤੱਕ ਉਸ ਨੇ ਹਿਸਾਬ ਅਤੇ ਕੁਦਰਤੀ ਵਿਗਿਆਨਾਂ ਵਿਚ ਚੰਗੀ ਮਹਾਰਤ ਹਾਸਲ ਕਰ ਲਈ। 1837 ਵਿਚ ਉਹ ਲੰਡਨ ਅਤੇ ਬਰਮਿੰਗਮ ਰੇਲਰੋਡ ਵਿਚ ਇੰਜੀਨੀਅਰ ਲੱਗ ਗਿਆ। ਰੇਲ ਕੰਪਨੀ ਦੇ ਕੰਮ ਵਿਚ ਸਪੈਂਸਰ ਦਾ ਮਨ ਨਹੀਂ ਸੀ। ਇਸ ਕਰਕੇ ਉਹ 1841 ਵਿਚ ਕੰਟਰੈਕਟ ਪੂਰਾ ਹੋਣ ਤੇ ਘਰ ਪਰਤ ਆਇਆ।

ਸਪੈਂਸਰ ਦਾ ਰੁਝਾਨ ਰਾਜਨੀਤਿਕ ਅਤੇ ਸਮਾਜਕ ਵਿਸ਼ਿਆਂ ਵੱਲ ਹੋਇਆ ਅਤੇ ਉਸ ਨੇ ਇਹਨਾਂ ਵਿਸ਼ਿਆਂ ਉਪਰ ਜਨਤਕ (popular) ਲੇਖ ਲਿਖਨੇ ਸੁਰੂ ਕੀਤੇ। ਉਸ ਦੀ ਕਾਬਲੀਅਤ ਦੇ ਸਦਕਾ 1848 ਵਿਚ ਲੰਡਨ ਦੇ ਮਸ਼ਹੂਰ ਰਸਾਲੇ 'ਦ ਇਕੋਨੋਮਿਸਟ' ਵਿਚ ਉਸ ਦੀ ਨਿਯੁਕਤੀ ਬਤੌਰ ਉਪ ਸੰਪਾਦਕ ਹੋਈ। ਇਸ ਤੋਂ ਬਾਅਦ ਸਪੈਂਸਰ ਨੇ ਪਿਛਾਂਹ ਮੁੜ ਕੇ ਨਹੀਂ ਵੇਖਿਆ ਅਤੇ ਉਸ ਦੀਆਂ ਲਿਖਤਾਂ, ਇਕ ਤੋਂ ਬਾਅਦ ਇੱਕ ਆਈਆਂ ਜਿਹੜੀਆਂ ਬੁਧੀਜੀਵੀਆਂ ਵਿੱਚ ਬਹਿਸ ਅਤੇ ਚਰਚਾ ਦਾ ਵਿਸ਼ਾ ਬਣੀਆਂ। ਇਨ੍ਹਾਂ ਲਿਖਤਾਂ ਦਾ ਸਦਕਾ ਹੀ ਸਪੈਂਸਰ ਦਾ ਜੀਵਨ ਆਰਥਕ ਪੱਖੋਂ ਹੁਣ ਬਹੁਤ ਸੁਖਾਲਾ ਹੋ ਗਿਆ ਸੀ ਅਤੇ ਉਹ ਬਿਨ੍ਹਾਂ ਕੋਈ ਹੋਰ ਕੰਮ ਕੀਤੇ ਪੜ੍ਹਨ ਲਿਖਣ ਦੇ ਆਪਣੇ ਸ਼ੌਂਕ ਨੂੰ ਪੂਰਾ ਕਰਨ ਵਿਚ ਆਖਰੀ ਦਮ ਤੱਕ ਲੱਗਿਆ ਰਿਹਾ। ਵਿਅਕਤੀਵਾਦ (individualism) ਵਿਚ ਯਕੀਨ ਰੱਖਣ ਵਾਲਾ ਫਲਾਸਫਰ ਸਾਰੀ ਉਮਰ 8 ਦਸੰਬਰ 1903 ਤੱਕ ਇਕੱਲਾ ਹੀ ਰਹਿਆ।

ਇਸ ਮੁਢਲੀ ਜਾਣ-ਪਛਾਣ ਤੋਂ ਇਹ ਸਾਫ ਜ਼ਾਹਿਰ ਹੈ ਕਿ ਸਪੈਂਸਰ ਇਕ ਬਹੁਪੱਖੀ ਸ਼ਖਸੀਅਤ ਸੀ ਜਿਸ ਨੂੰ ਵੱਖ-ਵੱਖ ਵਿਸ਼ਿਆਂ, ਫਲਸਫਿਆਂ ਨੂੰ ਪੜ੍ਹਨ ਅਤੇ ਸਮਝਣ ਦਾ ਸੌਕ ਹੀ ਨਹੀਂ ਬਲਕਿ ਜਨੂੰਨ ਸੀ। ਹਿਸਾਬ ਅਤੇ ਕੁਦਰਤੀ ਵਿਗਿਆਨ ਦੀ ਟ੍ਰੇਨਿੰਗ ਲੈ ਕੇ ਸਪੈਂਸਰ ਨੇ ਰਾਜਨੀਤੀ, ਸਾਮਾਜਵਿਗਿਆਨ, ਮਨੋਵਿਗਿਆਨ, ਜੀਵ ਵਿਗਿਆਨ, ਧਰਮ ਨੈਤਿਕ ਨਿਯਮ (ethics) ਅਤੇ ਫਲਸਫੇ ਵਰਗੇ ਵੱਖਰੇ ਖੇਤਰਾਂ ਵਿਚ ਬੁਨਿਆਦੀ ਲਿਖਤਾਂ ਲਿਖੀਆਂ। ਸਪੈਂਸਰ ਨੇ ਗਿਆਨ ਖੇਤਰ ਦਾ ਆਕਾਰ ਏਡਾ ਵੱਡਾ ਇਸ ਕਰਕੇ ਕੀਤਾ ਕਿਉਂਕਿ ਉਹ ਕੁਦਰਤੀ ਅਤੇ ਸਮਾਜਕ ਪਰੰਪਰਾ ਨੂੰ ਇਕ ਲੜੀ ਵਿਚ ਪਰੋਕੇ ਸਮਝਣਾ ਚਾਹੁੰਦਾ ਸੀ। ਉਸਦਾ ਮੰਨਣਾ ਸੀ ਕਿ ਸਜੀਵ (organic) ਅਤੇ ਅਜੀਵ (inorganic) ਯਥਾਰਥ ਵਿਚ ਸਾਂਝਾਂ ਹਨ ਜਿਨ੍ਹਾਂ ਨੂੰ ਸਮਝਣਾ ਜ਼ਰੂਰੀ ਹੈ। ਇਸ ਕਰਕੇ ਉਸ ਨੂੰ ਸੰਸਲੇਸ਼ਣਵਾਦੀ ਚਿੰਤਕ (synthetic philosopher) ਵੀ ਕਿਹਾ ਜਾਂਦਾ ਹੈ।

ਬਾਕੀ ਲਿਖਤਾਂ ਦਾ ਜ਼ਿਕਰ ਨਾ ਕਰਦੇ ਹੋਏ ਇੱਥੇ ਇਹ ਦਸਣਾ ਹੀ ਕਾਫੀ ਹੈ ਕਿ ਸਪੈਂਸਰ ਦੇ ਨਾਂ ਨਾਲ

ਸਮਾਜ ਦੇ ਕਰਮ ਵਿਕਾਸ ਦਾ ਸਿਧਾਂਤ ਜੁੜਿਆ ਹੋਇਆ ਹੈ। ਉਸਨੇ ਦੱਸਿਆ ਕਿ ਮਨੁੱਖੀ ਸਮਾਜ ਕਿਵੇ ਸਾਧਾਰਨ (simple) ਤੋਂ ਜਟਿਲ (complex), ਸਮਰੂਪਤਾ (homogenous) ਤੋਂ ਅਸਮਰੂਪਤਾ (hetrogenous) ਅਤੇ ਅਵਿਭੇਦੀਕਰਣ (undifferentiated) ਤੋਂ ਵਿਭੇਦੀਕਰਣ (differentiated) ਬਣਿਆ ਅਤੇ ਸਮਾਜ ਵਿਚ ਅਜਿਹੀਆਂ ਤਬਦੀਲੀਆਂ ਕਿਉਂ ਤੇ ਕਿਵੇਂ ਆਈਆਂ। ਇਸੇ ਕਰਮ ਵਿਕਾਸ ਦਾ ਸਦਕਾ ਵੱਖ-ਵੱਖ ਕਿਸਮਾਂ ਦੇ ਸਮਾਜ ਹੋਂਦ ਵਿਚ ਆਏ ਜਿਸਦਾ ਜ਼ਿਕਰ ਅਸੀਂ ਹੇਠਾਂ ਕਰਾਂਗੇ। ਇਕ ਹੋਰ ਮਹੱਤਵਪੂਰਨ ਸੰਕਲਪ ਹੈ ਆਂਗਿਕ ਸਮਾਨਤਾ ਦਾ (Organic analogy) ਜਿਸ ਦੀ ਵਿਸਥਾਰ ਪੂਰਵਕ ਚਰਚਾ ਅਸੀਂ ਇਥੇ ਕਰ ਰਹੇ ਹਾਂ।

## 2.3 ਆਂਗਿਕ ਸਮਾਨਤਾ (Organic analogy)

ਇਸ ਸੰਕਲਪ ਦਾ ਅਰਥ ਸੰਖੇਪ ਵਿਚ ਇਹ ਹੈ ਕਿ ਮਨੁੱਖੀ ਸਮਾਜ ਵੀ ਇਕ ਜੀਵ ਦੀ ਤਰ੍ਹਾਂ ਹੈ। ਇਸ ਲਈ ਇਨ੍ਹਾਂ ਦੋਨਾਂ ਦੇ ਵਿਕਾਸ ਦੇ ਆਧਾਰ ਅਤੇ ਅਸੂਲ ਇਕੋ ਸਮਾਨ ਹਨ। ਇਸ ਦਾ ਮਤਲਬ ਇਹ ਨਹੀਂ ਕਿ ਦੋਨਾਂ ਵਿੱਚ ਕੋਈ ਅੰਤਰ ਜਾਂ ਵਖਰੇਵਾਂ ਨਹੀ।

ਆਮ ਧਾਰਨਾ ਹੈ ਕਿ ਜੀਵ ਵਿਗਿਆਨ ਦੇ ਇਕ ਮਹੱਤਵਪੂਰਨ ਸਿਧਾਂਤ ਕਰਮ ਵਿਕਾਸ ਦਾ ਬਾਨੀ ਚਾਰਲਸ ਡਾਰਵਿਨ ਹੈ ਜਿਸ ਨੇ ਇਸਦੀ ਚਰਚਾ ਆਪਣੀ ਕਿਤਾਬ 'ਦ ਔਰਿਜਨ ਆਫ ਸਪੀਸ਼ਿਜ' (1859) ਵਿਚ ਬਾਖੂਬੀ ਕੀਤੀ। ਸਪੈਂਸਰ ਉੱਪਰ ਵੀ ਇਸੇ ਸਿਧਾਂਤ ਦਾ ਅਸਰ ਮੰਨਿਆ ਗਿਆ ਹੈ ਪਰੰਤੂ ਰੋਨੇਲਡ ਫਲੈਚਰ ਦਾ ਕਹਿਣਾ ਹੈ ਕਿ ਸਪੈਂਸਰ ਦਾ ਇਹੋ ਸਿਧਾਂਤ ਉਸ ਦੀ ਆਪਣੀ ਸੋਚ ਅਤੇ ਫਲਸਫੇ ਦਾ ਨਤੀਜਾ ਹੈ ਜਿਸ ਉੱਪਰ ਡਾਰਵਿਨ ਦਾ ਅਸਰ ਨਹੀਂ ਉਸ ਅਨੁਸਾਰ ਸਪੈਂਸਰ ਨੇ ਆਪਣੇ ਵਿਚਾਰ 1853 ਵਿਚ ਦੇ ਦਿੱਤੇ ਸਨ। ਇਸ ਤੋਂ ਇਲਾਵਾ ਸਪੈਂਸਰ ਦੇ ਸੰਕਲਪ ਦਾ ਮਿਆਰ ਇਨ੍ਹਾਂ ਸਿਧਰਾ-ਪੁਧਰਾ ਨਹੀਂ ਜਿਨ੍ਹਾਂ ਡਾਰਵਿਨ ਦਾ। ਉਸ ਦੀ ਸੋਚ ਇਕ ਵੱਡੇ ਪੈਮਾਨੇ ਉੱਪਰ ਕੁਦਰਤੀ ਅਤੇ ਸਮਾਜਕ ਪਰਪੰਚਾਂ ਨੂੰ ਸਮਝਣ ਦਾ ਉਪਰਾਲਾ ਸੀ ਜੋ ਸਾਨੂੰ ਉਸ ਦੀ ਸੰਸਲੇਸ਼ਣਵਾਦੀ ਫਿਲਾਸਫੀ (synthetic philosophy) ਦੀ ਧਾਰਨਾ ਵਿਚ ਦਿੱਸਦੀ ਹੈ।

ਉਨ੍ਹੀਵੀਂ ਸਦੀ ਵਿੱਚ ਜੀਵ ਵਿਗਿਆਨ ਦੀ ਚੜ੍ਹਤ ਸੀ। ਲਿਹਾਜ਼ਾ ਜੀਵ ਵਿਗਿਆਨ ਦੇ ਸਿਧਾਂਤ ਵਿਗਿਆਨ ਅਤੇ ਫਲਸਫੇ ਉੱਪਰ ਹਾਵੀ ਸਨ। ਸਪੈਂਸਰ ਨੇ ਜਿੱਥੇ 'ਪ੍ਰਿੰਸੀਪਲਜ਼ ਆਫ ਬਾਇਓਲੋਜੀ' ਲਿਖਿਆ ਉਥੇ ਉਸ ਨੇ 'ਪ੍ਰਿੰਸੀਪਲਜ਼ ਆਫ ਸੋਸ਼ਿਆਲੋਜੀ' ਦੀ ਰਚਨਾ ਵੀ ਕੀਤੀ। ਇਹ ਤੱਥ ਉਸ ਦੀ ਵਿਦਵਤਾ ਅਤੇ ਦੋਹਾਂ ਵਿਸ਼ਿਆਂ ਉੱਪਰ ਮਹਾਰਤ ਦਰਸਾਉਂਦਾ ਹੈ।

ਡਾਰਵਿਨ ਦਾ ਕਰਮ ਵਿਕਾਸ ਦਾ ਸਿਧਾਂਤ ਜੀਵ ਜਗਤ ਦੀ ਉਤਪਤੀ ਅਤੇ ਵਿਕਾਸ ਭਲੀ ਭਾਂਤ ਦਰਸਾਉਂਦਾ ਹੈ। ਇਸ ਸਿਧਾਂਤ ਅਨੁਸਾਰ ਇਹ ਮੰਨਣ ਵਿਚ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਕਿਵੇਂ ਇਕ ਸੈਲ ਦਾ ਜੀਵਾਣੂ ਅਮੀਬਾ-ਜੀਵ ਵਿਕਾਸ ਦੀ ਲੰਮੀ ਪੌੜੀ ਦਾ ਪਹਿਲਾ ਟੰਬਾ ਹੈ ਅਤੇ ਉਹ ਕਿਸ ਤਰ੍ਹਾਂ ਇਸ ਵਿਕਾਸ ਦੇ ਆਖਰੀ ਟੰਬੇ ਅਤੇ ਸਭ ਤੋਂ ਜਟਿਲ ਜੀਵ ਮਨੁੱਖ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਦੋਹਾਂ ਵਿਚਕਾਰ ਭਾਂਤ ਭਾਂਤ ਦੇ ਜੀਵ ਜੰਤੂ ਹਨ ਜਿਨ੍ਹਾਂ ਨੂੰ ਕਰਮਵਾਰ ਰੱਖਣ ਅਤੇ ਸਮਝਣ ਨਾਲ ਇਹ ਗੱਲ ਸਾਫ ਹੁੰਦੀ ਹੈ ਕਿ ਉਹ ਕਿਸ ਤਰ੍ਹਾਂ ਇੱਕ ਦੂਜੇ ਦੇ ਨਾਲ ਕੜੀ ਨਾਲ ਕੜੀ ਮਿਲਾ ਕੇ ਜੁੜੇ ਹੋਏ ਹਨ ਤਾਂ ਜੋ ਜੀਵ ਜਗਤ ਦੀ ਇਹ ਚੇਨ ਪੂਰੀ ਬਣ ਸਕੇ। ਹਾਲਾਂ ਕਿ ਡਾਰਵਿਨ ਇਕ ਰੱਬ ਨੂੰ ਮੰਨਣ ਵਾਲਾ ਸ਼ਖਸ ਸੀ ਪਰ ਉਸ ਦੇ ਇਸ ਸਿਧਾਂਤ ਨੇ ਰੱਬ ਦੀ ਹੋਂਦ ਨੂੰ ਨਕਾਰਿਆ। ਇਸ ਦਾ ਮਤਲਬ ਇਹ ਹੈ ਕਿ ਇਹ ਜੀਵ ਜਗਤ ਇਕੋ ਟਾਇਮ ਉਤੇ ਰੱਬ ਵੱਲੋਂ ਨਹੀਂ ਸਿਰਜਿਆ ਗਿਆ ਪਰੰਤੂ ਇਹ ਤਾਂ ਸਹਿਜੇ ਸਹਿਜੇ ਬਹੁਤ ਲੰਮੇ ਅਰਸੇ ਦੌਰਾਨ ਜੀਵ ਦੇ ਆਪਸੀ ਘੋਲਾਂ ਕਾਰਣ ਸਾਧਾਰਣ ਤੋਂ ਜਟਿਲ ਹੁੰਦਾ ਗਿਆ ਹੈ।

ਸਪੈਂਸਰ ਇਹ ਗੱਲ ਸਮਝਾਉਣ ਖਾਤਰ ਦਸਦਾ ਹੈ ਕਿ ਜਿਵੇਂ ਨੀਵੇਂ ਪੱਧਰ ਦੇ ਜੀਵਾਂ ਦੇ ਭਰੂਣ (embryos) ਬੜੇ ਅਵਿਭੇਦੀਕਰਣ (undifferentiated) ਵਾਲੇ ਹੁੰਦੇ ਹਨ। ਉਸੇ ਤਰ੍ਹਾਂ ਉੱਚ ਪੱਧਰੀ ਜੀਵਾਂ ਦੇ ਭਰੂਣ

(embryos) ਵੀ ਹੁੰਦੇ ਹਨ। ਮਿਸਾਲ ਦੇ ਤੌਰ ਤੇ ਜੇ ਅਸੀਂ ਮੱਛੀ, ਮੁਰਗਾ, ਕੁੱਤਾ ਜਾਂ ਮਨੁੱਖ ਦੇ ਭਰੂਣ (embryos) ਨੂੰ ਮੁੱਢਲੀਆਂ ਅਸਥਾਵਾਂ ਵਿਚ ਵੇਖੀਏ ਤਾਂ ਇਨ੍ਹਾਂ ਨੂੰ ਇੱਕ ਦੂਸਰੇ ਨਾਲੋਂ ਪਛਾਨਣਾ ਜਾਂ ਨਿਖੇੜਨਾ ਅਸੰਭਵ ਹੈ। ਪਰ ਜਿਉਂ ਜਿਉਂ ਇਨ੍ਹਾਂ ਦਾ ਆਕਾਰ ਵੱਡਾ ਹੁੰਦਾ ਜਾਂਦਾ ਹੈ ਉਸੇ ਤਰ੍ਹਾਂ ਇਨ੍ਹਾਂ ਦੇ ਅੰਗਾਂ ਵਿਚ ਵੱਖਰੇਵਾਂ ਆਉਂਦਾ ਹੈ ਜਿਹੜਾ ਪੂਰਨ ਰੂਪ ਅਖਤਿਆਰ ਕਰਨ ਤੱਕ ਬਿਲਕੁਲ ਵੱਖਰਾ ਰੂਪ ਤੇ ਆਕਾਰ ਧਾਰਨ ਕਰ ਲੈਂਦਾ ਹੈ। ਇਸੇ ਤਰ੍ਹਾਂ ਜੇ ਅਸੀਂ ਨੀਵੀਂ ਪੱਧਰ ਦੇ ਜੀਵਾਂ ਵਿਚ ਦਿਮਾਗ ਦਾ ਆਕਾਰ ਵੇਖੀਏ ਤਾਂ ਪਤਾ ਚੱਲੇਗਾ ਕਿ ਜਿਵੇਂ ਜਿਵੇਂ ਅਸੀਂ ਮਨੁੱਖ ਨਾਮੀ ਜੀਵ ਵੱਲ ਵਧਦੇ ਹਾਂ ਇਹੋ ਦਿਮਾਗ ਜ਼ਿਆਦਾ ਤੋਂ ਜ਼ਿਆਦਾ ਜਟਿਲ ਹੁੰਦਾ ਜਾਂਦਾ ਹੈ। ਇਸ ਜਟਿਲਤਾ ਦਾ ਮਤਲਬ ਇਹ ਹੈ ਕਿ ਜੀਵ ਜਾਂ ਅੰਗ ਦੇ ਵੱਖਰੇ-ਵੱਖਰੇ ਕਾਰਜ ਵੱਖਰੇ-ਵੱਖਰੇ ਕੇਂਦਰਾਂ ਤੋਂ ਕੰਟਰੋਲ ਕੀਤੇ ਜਾਂਦੇ ਹਨ। ਇਨ੍ਹਾਂ ਵਿਚ ਬੇਹਦ ਵਖਰੇਵਾਂ ਹੁੰਦਾ ਹੈ ਪਰ ਇਸ ਦੇ ਬਾਵਜੂਦ ਇਹ ਇਕ ਦੂਜੇ ਨਾਲ ਜੁੜੇ ਹੋਏ ਹਨ। ਉਨ੍ਹਾਂ ਦੀ ਇਕ ਦੂਜੇ ਉੱਤੇ ਕਾਰਜ ਨਿਰਭਰਤਾ ਹੈ ਇਹ ਨਿਰਭਰਤਾ ਇਸ ਹੱਦ ਤੱਕ ਵਧ ਜਾਂਦੀ ਹੈ ਕਿ ਜੇ ਇੱਕ ਦੇ ਕਾਰਜ ਵਿਚ ਵਿਘਨ ਪੈ ਜਾਵੇ ਤਾਂ ਉਸ ਦੀ ਕਮੀ ਪੂਰੀ ਨਹੀਂ ਕੀਤੀ ਜਾ ਸਕਦੀ। ਇਹੋ ਜਟਿਲਤਾ ਹੁੰਦੀ ਹੈ ਜਿਵੇਂ ਅਮੀਬਾ ਕੇਵਲ ਇੱਕ ਸੈਲ ਵਾਲਾ ਜੀਵਾਣੂ ਹੈ ਪਰੰਤੂ ਮਨੁੱਖ ਦੇ ਇਕ ਛੋਟੇ ਜਿਹੇ ਅੰਗ ਵਿਚ ਅਜਿਹੇ ਸੈਲ ਲੱਖਾਂ-ਕਰੋੜਾਂ ਦੀ ਗਿਣਤੀ ਵਿਚ ਹਨ। ਅਮੀਬੇ ਦਾ ਕੋਈ ਮੂੰਹ, ਸਿਰ, ਪੈਰ, ਅੱਖ, ਨੱਕ, ਦਿਮਾਗ, ਦਿਲ ਨਹੀਂ ਹੈ ਪਰੰਤੂ ਮਨੁੱਖ ਦੇ ਵਿਚ ਇਹ ਸਭ ਕੁਝ ਇੱਕ ਦੂਜੇ ਨਾਲੋਂ ਐਨੇ ਭਿੰਨ ਹਨ ਕਿ ਉਨ੍ਹਾਂ ਦੀ ਸੰਰਚਨਾ ਜਾਂ ਢਾਂਚੇ ਅਤੇ ਕਾਰਜਾਂ ਵਿਚ ਕੁਝ ਵੀ ਸਾਂਝਾ ਨਹੀਂ ਪਰ ਫੇਰ ਵੀ ਉਹ ਇਕ ਦੂਜੇ ਉੱਤੇ ਨਿਰਭਰ ਹੁੰਦੇ ਹਨ। ਸਪੈਂਸਰ ਦੱਸਦਾ ਹੈ ਕਿ ਠੀਕ ਇਸੇ ਤਰ੍ਹਾਂ ਸਮਾਜ ਅਤੇ ਸਮਾਜਕ ਪਰਪੰਚਾਂ ਵਿਚ ਹੁੰਦਾ ਹੈ। ਜਿਸ ਤਰੀਕੇ ਨਾਲ ਸੈਲ ਨਾਲ ਸੈਲ ਜੁੜ ਕੇ ਅੰਗ ਅਤੇ ਪੂਰਣ ਜੀਵ ਨੂੰ ਬਣਾਉਂਦੇ ਹਨ, ਠੀਕ ਉਸੇ ਤਰ੍ਹਾਂ ਮਨੁੱਖ ਨਾਲ ਮਨੁੱਖ ਜੁੜ ਕੇ ਗਰੁਪ (ਜਾਂ ਪਰਿਵਾਰ) ਬਣਾਉਂਦੇ ਹਨ ਜੋ ਆਪਸ ਵਿਚ ਮਿਲਕੇ ਕਲੈਨ ਖਾਨਦਾਨ (Clan), ਫੇਰ ਕਬੀਲਾ (tribe) ਅਤੇ ਆਖਰ ਵਿਚ ਰਾਸ਼ਟਰ (nation) ਬਣਾਉਂਦੇ ਹਨ। ਇਹ ਇਸੇ ਕਰਕੇ ਸੰਭਵ ਹੈ ਕਿਉਂਕਿ ਸਮਾਜ ਵੀ ਜੀਵਾਂ ਦੀ ਤਰ੍ਹਾਂ ਜਾਨਦਾਰ ਹੁੰਦੇ ਹਨ ਜੋ ਹੌਲੀ ਹੌਲੀ ਛੋਟੇ ਤੋਂ ਵੱਡੇ ਹੁੰਦੇ ਹਨ ਅਤੇ ਆਖਰ ਵਿਚ ਮਿਟ ਮੁੱਕ ਵੀ ਜਾਂਦੇ ਹਨ। ਕਿਉਂਕਿ ਸਮਾਜ ਜੀਵਾਂ ਵਰਗੇ ਹੁੰਦੇ ਹਨ ਇਸੇ ਕਰਕੇ ਉਨ੍ਹਾਂ ਦੇ ਵਿਕਾਸ ਦੇ ਸਿਧਾਂਤ ਵੀ ਸਾਂਝੇ ਹਨ। ਇਸ ਪੱਧਰ ਉੱਪਰ ਦੋਹਾਂ ਵਿਚ ਕੋਈ ਫਰਕ ਨਹੀਂ।

'ਪ੍ਰਿੰਸੀਪਲਜ਼ ਆਫ ਸੋਸ਼ਿਆਲੋਜੀ' ਵਿਚ ਸਪੈਂਸਰ ਜੀਵਾਂ ਅਤੇ ਸਮਾਜਾਂ ਵਿਚ ਸਾਂਝਾ ਵੀ ਦਸਦਾ ਹੈ ਅਤੇ ਭਿੰਨਤਾ ਵੀ। ਉਸ ਅਨੁਸਾਰ ਜੇਕਰ ਉੱਪਰ ਕੀਤੀ ਵਿਆਖਿਆ ਨੂੰ ਨੁਖਤੇ ਬੰਦ ਕੀਤਾ ਜਾਵੇ ਤਾਂ ਸਮਾਜ ਅਤੇ ਜੀਵ ਵਿਚ ਹੇਠ ਲਿਖੀਆਂ ਸਮਾਨਤਾਵਾਂ ਮੁੱਖ ਹਨ -

(ੳ) ਇਹ ਵਿਕਾਸ ਇਕ ਰੇਖੀ (linear) ਹੁੰਦਾ ਹੈ ਜੋ ਜਨਮ ਤੋਂ ਮਰਨ ਤੱਕ ਦਾ ਸਫਰ ਤਹਿ ਕਰਦਾ ਹੈ।

(ਅ) ਇਹ ਵਿਕਾਸ ਸਧਾਰਨ ਤੋਂ ਹੌਲੀ ਹੌਲੀ ਜਟਿਲ ਹੁੰਦਾ ਜਾਂਦਾ ਹੈ।

(ੲ) ਪਹਿਲਾਂ ਆਕਾਰ ਛੋਟਾ ਹੁੰਦਾ ਹੈ ਅਤੇ ਉਸਦੇ ਕਾਰਜ ਸੀਮਤ ਹੁੰਦੇ ਹਨ। ਜਿਉਂ ਜਿਉਂ ਵਿਕਾਸ ਹੁੰਦਾ ਹੈ ਅਕਾਰ ਵੱਡਾ ਹੁੰਦਾ ਹੈ ਅਤੇ ਕਾਰਜ ਵਧੇਰੇ ਹੁੰਦੇ ਜਾਂਦੇ ਹਨ। ਭਾਵ ਇਹ ਕਿ ਸਾਧਾਰਨ ਸੰਰਚਨਾ ਦੇ ਕਾਰਨ ਸਾਧਾਰਨ ਹੁੰਦੇ ਹਨ ਜੋ ਵਿਕਾਸ ਨਾਲ ਵਿਸ਼ੇਸ਼ੀਕਰਣ (specialization) ਵੱਲ ਵਧਦੇ ਹਨ।

(ਸ) ਮੁਢਲੀ ਅਵਸਥਾ ਦੀ ਸਮਰੂਪਤਾ (homogeneity) ਵਿਕਾਸ ਨਾਲ ਅਸਮਰੂਪਤਾ (heterogeneity) ਅਖਤਿਆਰ ਕਰ ਲੈਂਦੀ ਹੈ।

(ਹ) ਇਸ ਕਿਸਮ ਦੇ ਵਿਕਾਸ ਨਾਲ ਦੋਵੇਂ ਸਮਾਜ ਅਤੇ ਜੀਵਾਂ ਦੇ ਕਾਰਜਾਂ ਵਿੱਚ ਅੰਤਰ-ਨਿਰਭਰਤਾ (interdependence) ਵਧਦੀ ਹੈ ਅਤੇ ਇੱਕ ਸਿਸਟਮ ਦਾ ਰੂਪ ਧਾਰਨ ਕਰਦੇ ਹਨ।

ਜਿੱਥੇ ਸਮਾਜ ਅਤੇ ਜੀਵ ਵਿੱਚ ਇਸ ਕਿਸਮ ਦੀਆਂ ਸਮਾਨਤਾਵਾਂ ਹਨ ਉਥੇ ਉਨ੍ਹਾਂ ਵਿਚ ਵਖਰੇਵੇਂ ਵੀ ਹਨ ਜਿਸ ਦਾ ਜ਼ਿਕਰ ਸਪੈਂਸਰ 'ਪ੍ਰਿੰਸੀਪਲਜ਼ ਆਫ ਸੋਸ਼ਿਆਲੋਜੀ' ਵਿੱਚ ਕਰਦਾ ਹੈ। ਇਹ ਹਨ –

(i) ਜੀਵ ਇੱਕ ਵਾਸਤਵਿਕ ਜਾਂ ਮੂਰਤ (concrete) ਚੀਜ਼ ਹੁੰਦੇ ਹਨ ਜਦੋਂ ਕੇ ਸਮਾਜ ਅਮੂਰਤ ਜਾਂ ਨਿਰਾਕਾਰ (discrete) ਹੁੰਦਾ ਹੈ। ਇਸ ਦਾ ਅਰਥ ਹੈ ਕਿ ਜੀਵ ਦੇ ਵੱਖਰੇ-ਵੱਖਰੇ ਅੰਗ ਅਤੇ ਉਨ੍ਹਾਂ ਦੇ ਕਾਰਜ ਇਸ ਤਰ੍ਹਾਂ ਜੁੜੇ ਹੁੰਦੇ ਹਨ ਕਿ ਇੱਕ ਦਾ ਘਾਟਾ ਦੂਜਾ ਪੂਰਾ ਨਹੀਂ ਕਰ ਸਕਦਾ ਅਤੇ ਕੁਝ ਕੁ ਅਹਿਮ (vital) ਅੰਗਾਂ ਦੇ ਨਕਾਰਾ ਹੋਣ ਤੇ ਜੀਵ ਦੀ ਮੌਤ ਵੀ ਹੋ ਜਾਂਦੀ ਹੈ।ਸਮਾਜ ਨਾਲ ਇਸ ਤਰ੍ਹਾਂ ਨਹੀਂ ਹੁੰਦਾ। ਜੇ ਕੋਈ ਸੰਸਥਾ ਨਕਾਰਾ ਹੋ ਜਾਂਦੀ ਹੈ ਉਸ ਨਾਲ ਸਮਾਜ ਡੁਬਦਾ ਨਹੀਂ ਬਲਕਿ ਕੋਈ ਬਦਲਵੀਂ (alternative) ਸੰਸਥਾ ਉਭਰ ਆਉਂਦੀ ਹੈ। ਅਸਲੋਂ, ਸਮਾਜ ਦੀ ਉਹੀ ਸੰਸਥਾ ਨਕਾਰਾ ਹੁੰਦੀ ਹੈ ਜਿਸਦੇ ਕਾਰਜਾਂ ਦੀ ਲੋੜ ਸਮੇਂ ਦੀ ਤਬਦੀਲੀ ਕਾਰਨ ਉਸ ਨੂੰ ਨਹੀਂ ਰਹਿੰਦੀ।

(ii) ਜੀਵ ਦੇ ਅੱਡ-ਅੱਡ ਅੰਗ ਜਾਂ ਜਿਸਮ ਦੇ ਹਿੱਸੇ ਉਸ ਦੇ ਸਮੁੱਚੇ ਆਕਾਰ ਨੂੰ ਬਣਾਏ ਰੱਖਣ ਵਿਚ ਸਹਾਈ ਹੁੰਦੇ ਹਨ। ਉਨ੍ਹਾਂ ਦੇ ਕਾਰਨਾਂ ਦੀ ਅੰਤਰ ਸੰਬੰਧਤਾ ਸਮੁੱਚੇ ਜੀਵ ਨੂੰ ਜਿਉਂਦਾ ਰੱਖਦੀ ਹੈ। ਸਮਾਜ ਨਾਲ ਇਸ ਤਰ੍ਹਾਂ ਨਹੀਂ ਹੁੰਦਾ। ਸਮਾਜ ਦੀਆਂ ਵੱਖਰੀਆਂ ਸੰਸਥਾਵਾਂ (ਅੰਗ/ਹਿੱਸੇ) ਸਮਾਜ ਨੂੰ ਜਿਉਂਦਾ ਨਹੀਂ ਰੱਖਦੀਆਂ ਬਲਕਿ ਇਹ ਆਪ ਸਮਾਜ ਦੇ ਜਿਉਂਦੇ ਰਹਿਣ ਕਰਕੇ ਕਾਇਮ ਰਹਿੰਦੀਆਂ ਹਨ।

(iii) ਜੀਵ ਵਿਚ ਚੇਤਨਾ ਇੱਕ ਅੰਗ (ਦਿਮਾਗ) ਵਿਚ ਕੇਂਦਰਿਤ ਹੁੰਦੀ ਹੈ। ਸਾਰੇ ਸਰੀਰ ਦੇ ਅੰਗ ਅਤੇ ਕਾਰਜ ਉਸ ਨਾਲ ਕੰਟਰੋਲ ਕੀਤੇ ਜਾਂਦੇ ਹਨ। ਇਸ ਅੰਗ ਦੇ ਨਕਾਰਾ ਹੋਣ ਤੇ ਜੀਵ ਵੀ ਨਕਾਰਾ ਹੋ ਜਾਂਦਾ ਹੈ। ਸਮਾਜ ਨਾਲ ਇਸ ਤਰ੍ਹਾਂ ਨਹੀਂ ਹੁੰਦਾ। ਉਸ ਦੀ ਚੇਤਨਾ ਦਾ ਕੋਈ ਇੱਕ ਕੇਂਦਰ ਨਹੀਂ ਹੁੰਦਾ ਸਮਾਜ ਦੇ ਹਰ ਪ੍ਰਾਣੀ ਦੀ ਆਪਣੀ ਚੇਤਨਾ ਹੁੰਦੀ ਹੈ।

(iv) ਜੀਵ ਦਾ ਵਿਕਾਸ ਇੱਕ ਕੁਦਰਤੀ ਸ਼ਕਤੀ ਦੀ ਉਪਜ ਹੈ। ਕੁਦਰਤ ਦੇ ਖਾਸ ਨਿਯਮ ਹਨ ਜਿਨ੍ਹਾਂ ਦੀ ਉਲੰਘਣਾ ਨਹੀਂਕੀਤੀ ਜਾ ਸਕਦੀ ਅਤੇ ਨਾ ਹੀ ਉਨ੍ਹਾਂ ਨੂੰ ਬਾਈਪਾਸ ਕੀਤਾ ਜਾ ਸਕਦਾ ਹੈ। ਇਸਦੇ ਉਲਟ ਸਮਾਜ ਦੇ ਵਿਕਾਸ ਦਾ ਆਧਾਰ ਮਨੁੱਖੀ ਹੈ। ਇਸਦੀ ਸੰਰਚਨਾ ਅਤੇ ਕਾਰਜ ਮਨੁੱਖਾਂ ਦੇ ਹੱਥ ਵਿਚ ਹੈ ਜੋ ਲੋੜ ਪੈਣ ਉਤੇ ਘਟਾਈ ਵਧਾਈ ਜਾ ਬਦਲੀ ਵੀ ਜਾ ਸਕਦੀ ਹੈ।

## 2.4 ਸਮਾਜ ਦੀਆਂ ਕਿਸਮਾਂ (Types of society)

ਅਸੀਂ ਉੱਪਰ ਵੇਖਿਆ ਹੈ ਕਿ ਸਮਾਜ ਦਾ ਵਿਕਾਸ ਵੀ ਜੀਵ ਦੇ ਵਿਕਾਸ ਦੀ ਤਰ੍ਹਾਂ ਹੁੰਦਾ ਹੈ ਜਿਸ ਨਾਲ ਉਸਦੀ ਸੰਰਚਨਾ ਅਤੇ ਕਾਰਜ ਦੋਨਾਂ ਦਾ ਵਿਕਾਸ ਸਾਧਾਰਨ ਤੋਂ ਜਟਿਲ ਹੋਣ ਵੱਲ ਵੱਧਦਾ ਹੈ। ਇਸ ਸਿਧਾਂਤ ਤਹਿਤ ਸਪੈਂਸਰ ਸਮਾਜ ਦੀਆਂ ਕਿਸਮਾਂ ਦਸਦਾ ਹੈ ਜਿਨ੍ਹਾਂ ਦਾ ਆਧਾਰ ਸੰਰਚਨਾ ਅਤੇ ਕਾਰਜ ਦੋਨੋਂ ਹੁੰਦੇ ਹਨ।

ਸੰਰਚਨਾ ਦੇ ਆਧਾਰ ਤੇ ਸਧਾਰਨ (simple), ਸੰਯੁਕਤ (compound), ਦੂਹਰੇ ਸੰਯੁਕਤ (doubly compound) ਅਤੇ ਤੀਹਰੇ ਸੰਯੁਕਤ (trebly compound) ਕਿਸਮ ਦੇ ਹੁੰਦੇ ਹਨ। ਦੂਸਰੇ ਪਾਸੇ ਕਾਰਜ ਦੇ ਆਧਾਰ ਉੱਤੇ ਸਮਾਜ ਦੋ ਕਿਸਮਾਂ ਦੇ ਹੁੰਦੇ ਹਨ, ਇੱਕ ਜੰਗਜੂ ਜਾਂ ਸੈਨਿਕ ਸਮਾਜ (military society) ਅਤੇ ਦੂਸਰੇ ਉਦਯੋਗਿਕ ਸਮਾਜ (industrial society)

ਸਪੈਂਸਰ ਦਾ ਮੰਨਣਾ ਸੀ ਕਿ ਜਿਵੇਂ-ਜਿਵੇਂ ਅਕਾਰ ਵੱਡਾ ਹੁੰਦਾ ਹੈ ਅਤੇ ਸਮਾਜ ਵਿਚ ਵਿਭੇਦੀਕਰਣ (differentiation) ਹੁੰਦਾ ਹੈ। ਉਸਦੇ ਨਾਲ ਹੀ ਉਸਦੀ ਸੰਰਚਨਾ ਵੀ ਬਦਲਦੀ ਹੈ ਜੋ ਸਾਧਾਰਨ ਤੋਂ ਜਟਿਲਤਾ ਵੱਲ ਵਧਦੀ ਹੈ। ਮਨੁੱਖ ਦਾ ਮੁੱਢਲਾ ਸਮਾਜ ਸਧਾਰਨ ਸੀ। ਸੰਰਚਨਾ ਦਾ ਆਧਾਰ ਗਿਣੇ-ਮਿੱਥੇ ਤੱਤ (elements) ਹੁੰਦੇ ਸਨ। ਇਹ ਸਮਾਜ ਮੁੱਖ ਤੌਰ ਤੇ ਪਰਿਵਾਰ ਦਾ ਇਕੱਠ ਹੀ ਹੁੰਦਾ ਸੀ। ਇਹ ਇਸ ਸਮਾਜ

ਦੀ ਮੁੱਢਲੀ ਇਕਾਈ ਹੈ। ਜਿਸ ਤਰ੍ਹਾਂ ਕਈ ਪਰਿਵਾਰਾਂ ਦੇ ਇਕੱਠ ਨੂੰ ਅਸੀਂ ਖਾਨਦਾਨ (clan) ਦਾ ਨਾਂ ਦਿੰਦੇ ਹਾਂ, ਉਸੇ ਤਰ੍ਹਾਂ ਸਾਧਾਰਨ ਸਮਾਜ ਜਦੋਂ ਇਕੱਠੇ ਹੋਏ ਤਾਂ ਸੰਯੁਕਤ ਸਮਾਜ ਦਾ ਨਿਰਮਾਣ ਹੋਇਆ। ਜਿਵੇਂ ਜਿਵੇਂ ਖਾਨਦਾਨਾਂ ਨੇ ਇਕੱਠੇ ਹੋਣ ਤੇ ਕਬੀਲੇ (tribe) ਬਣੇ ਉਸੇ ਤਰ੍ਹਾਂ ਸੰਯੁਕਤ ਸਮਾਜਾਂ ਨੇ ਇਕੱਠੇ ਹੋ ਕੇ ਦੂਹਰੇ ਸੰਯੁਕਤ ਸਮਾਜਾਂ ਨੇ ਇਕੱਠੇ ਹੋ ਕੇ ਦੂਹਰੇ ਸੰਯੁਕਤ ਸਮਾਜ ਨੂੰ ਜਨਮ ਦਿੱਤਾ। ਜਿਸ ਤਰ੍ਹਾਂ ਮਨੁੱਖ ਦੀ ਆਬਾਦੀ ਵਧਦੀ ਗਈ ਇਨ੍ਹਾਂ ਇਕਾਈਆਂ ਦਾ ਅਕਾਰ ਵੀ ਵੱਡਾ ਹੁੰਦਾ ਗਿਆ ਅਤੇ ਦੂਹਰੇ ਸੰਯੁਕਤ ਸਮਾਜਾਂ ਨੇ ਮਿਲਕੇ ਤੀਹਰੇ ਸੰਯੁਕਤ ਸਮਾਜ ਦਾ ਨਿਰਮਾਣ ਕੀਤਾ ਜਿਸ ਨੂੰ ਅਸੀਂ ਆਧੁਨਿਕ ਰਾਸ਼ਟਰ (nations) ਜਾਂ ਰਾਜਾਂ (states) ਦਾ ਨਾਂ ਦਿੰਦੇ ਹਾਂ।

ਸਪੈਂਸਰ ਅਨੁਸਾਰ ਸਾਧਾਰਨ ਤੇ ਸੰਯੁਕਤ ਸਮਾਜ ਅੱਗੋਂ ਤਿੰਨ ਉਪ-ਕਿਸਮਾਂ ਵਿੱਚ ਵੰਡੇ ਜਾ ਸਕਦੇ ਹਨ ਜਿਸਦਾ ਆਧਾਰ ਮੁਖੀ (head) ਦੀ ਕਿਸਮ ਤੇ ਨਿਰਭਰ ਹੁੰਦਾ ਹੈ। ਇਸਦਾ ਸਿੱਧਾ ਅਰਥ ਸੱਤਾ ਜਾਂ ਸ਼ਕਤੀ ਦੇ ਕਿਰਦਾਰ ਅਤੇ ਕਿਸਮ ਦਾ ਹੈ। ਕੀ ਇਹ ਇਕਾਈ ਕੰਮ ਚਲਾਊ ਮੁਖੀ ਦੀ ਹੈ ਜਾਂ ਫੇਰ ਅਸਥਿਰ ਅਤੇ ਸਥਿਰ ਮੁੱਖੀ ਜਾਂ ਰਾਜ ਸੱਤਾ ਦੀ। ਸਪੈਂਸਰ ਦਾ ਮੰਨਣਾ ਹੈ ਕਿ ਜਿਵੇਂ ਜਿਵੇਂ ਸਮਾਜ ਵਿਕਾਸ ਵੱਲ ਵਧੇ ਓਸੇ ਤਰ੍ਹਾਂ ਉਨ੍ਹਾਂ ਵਿਚ ਸੱਤਾ/ਸ਼ਕਤੀ ਵੀ ਅਸਥਿਰਤਾ ਤੋਂ ਸਥਿਰਤਾ ਵੱਲ ਵਧੀ। ਇਹੋ ਵਜਹ ਹੈ ਕਿ ਆਧੁਨਿਕ ਯੁਗ ਵਿਚ ਕੋਈ ਅਜਿਹਾ ਦੇਸ਼ ਜਾਂ ਰਾਜ ਨਹੀਂ ਜਿਸ ਵਿਚ ਰਾਜਸ਼ਕਤੀ ਸਥਿਰ ਅਤੇ ਕੇਂਦਰਿਤ ਨਾ ਹੋਵੇ। ਕੋਈ ਰਾਜ ਬਿਨਾਂ ਪੱਕੀ ਸਰਕਾਰ ਦੇ ਨਹੀਂ ਹੈ। ਇਸ ਤੋਂ ਉਲਟ ਮਨੁੱਖ ਸਮਾਜ ਬਿਨ੍ਹਾਂ ਮੁੱਖੀ ਤੋਂ ਹੁੰਦੇ ਸਨ ਜਿਨ੍ਹਾਂ ਨੂੰ ਅਸੀਂ ਅਸਿਰ (acephalous ਜਾਂ head less) ਸਮਾਜ ਕਹਿੰਦੇ ਹਾਂ। ਅਜਿਹੇ ਸਮਾਜਾਂ ਵਿਚ ਰਾਜ ਸੱਤਾ ਕਿਸੇ ਇੱਕ ਮੁਖੀ ਵਿੱਚ ਕੇਂਦਰਿਤ ਨਹੀਂ ਹੁੰਦੀ।

## 2.4.1ਜੰਗਜੂ ਜਾਂ ਸੈਨਿਕ ਸਮਾਜ

ਇਸ ਕਿਸਮ ਦੇ ਨਾਂ ਤੋਂ ਹੀ ਇਸ ਸਮਾਜ ਦਾ ਕਿਰਦਾਰ ਸਾਫ ਹੋ ਜਾਂਦਾ ਹੈ। ਸਮਾਜ ਦਾ ਮੁੱਖ ਧੁਰਾ ਸੈਨਿਕ ਸ਼ਕਤੀ ਹੁੰਦੀ ਸੀ ਜਿਸਦਾ ਕੰਟਰੋਲ ਰਾਜਿਆਂ ਦੇ ਕੋਲ ਹੁੰਦਾ ਸੀ। ਉਹੀ ਸਰਵੋਤਮ ਅਤੇ ਸਰਬਸ਼ਕਤੀਮਾਨ ਮਨੁੱਖ ਵਜੋਂ ਜਾਣਿਆ ਜਾਂਦਾ ਸੀ। ਇਹੋ ਨਹੀਂ ਇਹ ਰਾਜੇ ਆਪਣੇ ਆਪ ਨੂੰ ਦੈਵੀ ਸ਼ਕਤੀਆਂ ਦੇ ਪੈਰੋਕਾਰ ਵੀ ਮੰਨਦੇ ਸਨ। ਉਹ ਕਿਸੇ ਦੇਵਤੇ ਦੇ ਪੁੱਤਰ ਸਮਝੇ ਜਾਂਦੇ ਸਨ ਜੋ ਮਨੁੱਖੀ ਸਮਾਜ ਵਿਚ ਅਮਨ-ਅਮਾਨ ਰੱਖਣ ਲਈ ਰਾਜ ਕਰਦੇ ਸਨ। ਇਸ ਲਈ ਰਾਜਾ ਸਰਬ ਸ਼ਕਤੀਮਾਨ ਹੁੰਦਾ ਸੀ ਅਤੇ ਰਾਜਨੀਤਕ ਅਤੇ ਧਾਰਮਕ ਸ਼ਕਤੀਆਂ ਦਾ ਕੇਂਦਰ ਬਿੰਦੂ। ਕਿਸੇ ਵੀ ਮਨੁੱਖ ਨੂੰ ਉਸ ਖਿਲਾਫ ਕੁਝ ਵੀ ਬੋਲਣ ਦਾ ਅਧਿਕਾਰ ਨਹੀਂ ਹੁੰਦਾ ਸੀ।

ਇਸ ਰਾਜ ਸੱਤਾ ਨੂੰ ਕਾਇਮ ਰੱਖਣ ਲਈ ਬਲ ਅਤੇ ਸੈਨਾ ਇਸਤੇਮਾਲ ਤਾਂ ਕੀਤਾ ਹੀ ਜਾਂਦਾ ਸੀ ਪਰ ਸਭਿਆਚਾਰਕ ਪੱਧਰ ਤੇ ਵੀ ਕਈ ਕਿਸਮ ਦੀਆਂ ਮਿੱਥਾਂ (myths) ਘੜੀਆਂ ਜਾਂਦੀਆਂ ਹਨ ਜੋ ਲੋਕਾਂ ਦੇ ਮਨਾਂ ਵਿਚ ਖੌਫ ਦੇ ਨਾਲ ਨਾਲ ਸ਼ਰਧਾ ਵੀ ਪੈਦਾ ਕਰਨ ਤਾਂ ਜੋ ਸਾਫ ਸੱਤਾ ਨੂੰ ਲੋਕਾਂ ਵੱਲੋਂ ਮਾਨਤਾ ਮਿਲੇ।

ਅਜਿਹਾ ਸਮਾਜ ਪੁੜ ਬੰਦੀ (heirarchical) ਹੁੰਦਾ ਹੈ। ਸਮਾਜ ਵਿਚ ਭਾਂਤ ਭਾਂਤ ਦੇ ਵਰਗ ਜਾਂ ਸ਼੍ਰੇਣੀਆਂ ਹੁੰਦੀਆਂ ਸਨ ਜਿਨ੍ਹਾਂ ਦਾ ਰੁਤਬਾ ਰਾਜ ਸੱਤਾ ਤੋਂ ਨੇੜਤਾ ਅਤੇ ਦੂਰੀ ਦੇ ਆਧਾਰ ਤੇ ਹੁੰਦਾ ਸੀ। ਅਜਿਹੇ ਸਮਾਜ ਵਿਚ ਉੱਪਰ ਵਾਲੇ ਤੋਂ ਡਰੀ ਦਾ ਸੀ ਅਤੇ ਥੱਲੇ ਵਾਲੇ ਨੂੰ ਡਰਾਈਦਾ ਸੀ।

## 2.4.2 ਉਦਯੋਗਿਕ ਸਮਾਜ

ਸਪੈਂਸਰ ਅਨੁਸਾਰ ਤੀਹਰੇ ਪਧਰ ਦਾ ਸੰਯੁਕਤ ਸਮਾਜ ਉਦਯੋਗਕ ਜਾਂ ਆਧੁਨਿਕ ਸਮਾਜ ਹੀ ਹੈ। ਇਸ ਸਮਾਜ ਵਿੱਚ ਰਾਜ ਸੱਤਾ ਦਾ ਵਿਕੇਂਦਰੀਕਰਨ ਹੋਣਾ ਜ਼ਰੂਰੀ ਹੈ। ਰਾਜਾ ਜੇ ਹੈ ਤਾਂ ਉਹ ਸਿਰਫ ਨਾਂ ਦਾ ਹੈ, ਜਿਵੇ ਕਿ ਇੰਗਲੈਂਡ ਦੀ ਮਲਕਾ। ਰਾਜ ਸਰਕਾਰਾਂ ਲੋਕਾਂ ਦੁਆਰਾ, ਸਿੱਧੇ ਜਾਂ ਅਸਿੱਧੇ ਢੰਗਾਂ ਨਾਲ ਬਣਾਈਆਂ ਜਾਂਦੀਆਂ ਹਨ। ਜਿਨ੍ਹਾਂ ਦੀ ਅਵਧੀ ਉਥੋਂ ਦੇ ਸੰਵਿਧਾਨ ਦੁਆਰਾ ਤਹਿ ਜਾਂ ਨਿਸ਼ਚਿਤ ਕੀਤੀ ਜਾਂਦੀ ਹੈ। ਧਰਮ ਅਤੇ ਰਾਜਸੱਤਾ ਨੂੰ ਵੀ ਇੱਕ ਦੂਜੇ ਤੋਂ ਵੱਖ ਕੀਤਾ ਜਾਂਦਾ ਹੈ। ਧਰਮ ਰਾਜ ਸਰਕਾਰਾਂ ਦੇ ਕੰਮ ਵਿਚ

ਦਖਲ ਨਹੀਂ ਦੇਂਦਾ ਅਤੇ ਨਾ ਹੀ ਰਾਜ ਸਰਕਾਰ ਧਰਮ ਦੇ ਖੇਤਰ ਵਿਚ ਦਖਲਅੰਦਾਜ਼ੀ ਕਰਦੀ ਹੈ। ਲੋਕਾਂ ਨੂੰ ਵੀ ਹਦਾਇਤ ਹੁੰਦੀ ਹੈ ਕਿ ਧਰਮ ਨੂੰ ਘਰ ਦੀ ਚਾਰ ਦਿਵਾਰੀ ਤੱਕ ਹੀ ਸੀਮਤ ਰੱਖਣ।

ਸੈਨਿਕ ਸਮਾਜ ਦੀਆਂ ਹੱਦਾਂ ਬਹੁਤ ਹੱਦ ਤੱਕ ਖੁਲੀਆਂ ਸਨ। ਜਿਸ ਮਨੁੱਖ ਦਾ ਜਦੋਂ ਜੀ ਚਾਹੇ ਉਹੀ ਇੱਕ ਰਾਜ ਨੂੰ ਛੱਡ ਕੇ ਦੂਜੇ ਵਿਚ ਚਲਾ ਜਾਂਦਾ ਸੀ। ਉਦਯੋਗਕ ਸਮਾਜ ਨੇ ਇਹ ਹੱਦ ਬੰਦੀ ਪੱਕੀ ਕਰ ਦਿੱਤੀ ਹਰ ਇੱਕ ਨਾਗਰਿਕ ਹੁਣ ਇਕ ਵਿਸ਼ੇਸ਼ ਰਾਜ ਦਾ ਰਹਿਣ ਵਾਲਾ ਮੰਨਿਆ ਜਾਣ ਲਗਿਆ। ਉਸ ਨੂੰ ਕੁਝ ਅਧਿਕਾਰ ਵੀ ਦਿੱਤੇ ਗਏ ਜਿਨ੍ਹਾਂ ਨੂੰ ਮੌਲਿਕ ਰੂਪ ਵਿਚ ਉਸ ਦੀ ਮਨੁੱਖ ਦਾ ਧੁਰਾ ਮੰਨਿਆ ਗਿਆ।

ਇਸੇ ਸਦਕਾ ਸੈਨਿਕ ਸਮਾਜ ਦੀ ਕਠੋਰ ਨਿਯੰਤ੍ਰਣਤਾ (regimentation) ਢਿੱਲੀ ਹੋਈ (ਜਾਂ ਟੁੱਟੀ) ਇਸੇ ਲਈ ਉਦਯੋਗਿਕ ਸਮਾਜ ਵਿਚ ਸਵੈ-ਇੱਛਤ (voluntary) ਸਭਾਵਾਂ ਦਾ ਵਿਕਾਸ ਸੰਭਵ ਹੋਇਆ। ਲੋਕ ਆਪਣੀ ਇੱਛਾ ਅਨੁਸਾਰ ਇੱਕ ਸਭਾ ਜਾਂ ਦਲ ਜਾਂ ਪਾਰਟੀ ਵਿਚ ਸ਼ਾਮਲ ਹੁੰਦੇ ਹਨ ਅਤੇ ਰਾਜ ਸੱਤਾ ਦੇ ਭਾਗੀਦਾਰ ਬਣ ਸਕਦੇ ਹਨ।

ਇਸ ਸਮਾਜ ਦਾ ਅਸਲੀ ਧੁਰਾ ਇੰਗਲੈਂਡ ਵਿਚ ਹੋਈ ਉਦਯੋਗਿਕ ਕਰਾਂਤੀ ਹੀ ਹੈ ਜਿਸ ਨੇ ਇਸ ਦੁਨਿਆਵੀ ਢਾਂਚੇ ਨੂੰ ਬੁਨਿਆਦੀ ਪੱਧਰ ਤੇ ਬਦਲ ਦਿੱਤਾ। ਆਧੁਨਿਕ ਉਦਯੋਗਕ ਦਾ ਮਤਲਬ ਹੈ ਸਾਇੰਸ ਅਤੇ ਟੈਕਨੌਲੋਜੀ ਦਾ ਮਨੁੱਖ ਲਈ ਉਤਪਾਦਨ ਵਿਧੀ ਨੂੰ ਸੁਖਾਲਾ ਬਣਾਉਣਾ ਅਤੇ ਉਤਪਾਦਨ ਦੀ ਦਰ ਵਿਚ ਬੇਮਿਸਾਲ ਵਾਧਾ ਕਰਨਾ। ਅਜਿਹੀ ਪ੍ਰਕ੍ਰਿਆ ਨੇ ਪੁਰਾਣੇ ਸਮਾਜਾਂ ਨੂੰ ਖੇਰੂੰ-ਖੇਰੂੰ ਕਰ ਦਿੱਤਾ। ਇਸ ਸਮਾਜ ਵਿਚ ਅਜਿਹੀ ਸੋਚ ਲਹਿਰ ਦੌੜੀ ਜਿਸ ਨੇ ਹਰ ਪੁਰਾਣੀ ਚੀਜ਼ ਨੂੰ ਘਟੀਆ ਅਤੇ ਨੀਵਾਂ ਕਰਾਰ ਦਿੱਤਾ। ਅਜੋਕਾ ਹਰ ਸਮਾਜ ਉਦਯੋਗਿਕ ਵਿਕਾਸ ਦੇ ਰਾਹ ਪਿਆ ਹੋਇਆ ਹੈ ਅਤੇ ਆਧੁਨਿਕ ਬਨਣ ਦੀ ਕੋਸ਼ਿਸ਼ ਵਿਚ ਹੈ।

**ਆਪਣਾ ਗਿਆਨ ਪਰਖੋ :**

(ੳ) ਆਂਗਿਕ ਸਮਾਨਤਾ ਕੀ ਹੁੰਦੀ ਹੈ?

..........................................................................................................

..........................................................................................................

..........................................................................................................

(ਅ) ਜੰਗਜੂ ਸਮਾਜ ਤੋਂ ਕੀ ਭਾਵ ਹੈ?

..........................................................................................................

..........................................................................................................

..........................................................................................................

(ੲ) ਉਦਯੋਗਿਕ ਸਮਾਜ ਕਿਸਨੂੰ ਆਖਦੇ ਹਨ?

..........................................................................................................

..........................................................................................................

..........................................................................................................

## 2.5 ਸਾਰ

ਉਪਰੋਕਤ ਚਰਚਾ ਤੋਂ ਹਰਬਰਟ ਸਪੈਂਸਰ ਦੀ ਸੰਖੇਪ ਜੀਵਨੀ ਦਾ ਗਿਆਨ ਹੁੰਦਾ ਹੈ ਅਤੇ ਉਸ ਵੱਲੋਂ ਦਿੱਤੇ ਆਂਗਿਕ ਸਮਾਨਤਾ ਦੇ ਸੰਕਲਪ ਬਾਰੇ ਵੀ ਜਾਣਕਾਰੀ ਹਾਸਿਲ ਹੁੰਦੀ ਹੈ ਜਿਸ ਵਿਚ ਉਸ ਨੇ ਇਹ ਦੱਸਣ ਦਾ

ਯਤਨ ਕੀਤਾ ਹੈ ਕਿ ਮਨੁੱਖੀ ਸਮਾਜ ਦੀ ਤੁਲਨਾ ਇਕ ਜੀਵ ਨਾਲ ਕੀਤੀ ਜਾ ਸਕਦੀ ਹੈ ਕਿਉਂਕਿ ਦੋਵਾਂ ਦੇ ਵਿਕਾਸ ਦੇ ਆਧਾਰ ਅਤੇ ਅਸੂਲ ਇਕੋ ਜਿਹੇ ਹਨ। ਸਪੈਂਸਰ ਨੇ ਦੋਵਾਂ ਵਿਚਲੀਆਂ ਸਮਾਨਤਾਵਾਂ ਅਤੇ ਅਸਮਾਨਤਾਵਾਂ ਦਾ ਜ਼ਿਕਰ ਆਪਣੀ ਕਿਤਾਬ "ਪ੍ਰਿੰਸੀਪਲਜ਼ ਆਫ ਸੋਸ਼ਿਆਲੋਜੀ" ਵਿਚ ਕੀਤਾ ਹੈ। ਸਮਾਜ ਦੇ ਵਿਕਾਸ ਬਾਰੇ ਗੱਲ ਕਰਦਿਆਂ ਸਪੈਂਸਰ ਦਾ ਕਹਿਣਾ ਹੈ ਕਿ ਸਮਾਜ ਦੀ ਸੰਰਚਨਾ ਅਤੇ ਕਾਰਜ ਦਾ ਵਿਕਾਸ ਹਮੇਸ਼ਾਂ ਸਧਾਰਨ ਤੋਂ ਜਟਿਲਤਾ ਵਲ ਵਧਦਾ ਹੈ। ਇਸੇ ਅਧਾਰ ਤੇ ਹੀ ਉਸਨੇ ਸਮਾਜ ਦੀ ਵੰਡ ਕੀਤੀ ਹੈ ਜਿਵੇ ਕਿ...... ਸਮਾਜ ਦਾ ਅਕਾਰ ਵੱਡਾ ਹੁੰਦਾ ਗਿਆ ਉਹ ਸਾਧਾਰਨ ਤੋਂ ਸੰਯੁਕਤ; ਦੂਹਰੇ ਸੰਯੁਕਤ ਅਤੇ ਤੀਹਰੇ ਸੰਯੁਕਤ ਹੁੰਦੇ ਗਏ ਜਿਵੇਂ ਜਿਵੇਂ ਉਨ੍ਹਾਂ ਦੇ ਕਾਰਜਾਂ ਵਿਚ ਤਬਦੀਲੀ ਆਉਂਦੀ ਗਈ ਉਹ ਸੈਨਿਕ ਸਮਾਜ ਤੋਂ ਉਦਯੋਗਿਕ ਸਮਾਜ ਵੱਲ ਵੱਧਦੇ ਗਏ।

## 2.6 ਅਭਿਆਸ ਲਈ ਪ੍ਰਸ਼ਨ

1. ਹਰਬਰਟ ਸਪੈਂਸਰ ਦੇ ਆਂਗਿਕ ਸਮਾਨਤਾ ਦੇ ਸੰਕਲਪ ਦੀ ਵਿਆਖਿਆ ਕਰੋ।
2. ਹਰਬਰਟ ਸਪੈਂਸਰ ਅਨੁਸਾਰ ਸਮਾਜ ਦੀ ਕਿਹੜੇ ਆਧਾਰਾਂ ਤੇ ਵੰਡ ਹੋ ਸਕਦੀ ਹੈ ਅਤੇ ਕਿਵੇ ? ਬਿਆਨ ਕਰੋ।

### ਸੰਖੇਪ ਸਵਾਲ

(ੳ) ਸੰਰਚਨਾ ਦੇ ਆਧਾਰ ਤੇ ਹਰਬਰਟ ਸਪੈਂਸਰ ਨੇ ਸਮਾਜ ਨੂੰ ਕਿੰਨੀਆਂ ਕਿਸਮਾਂ ਵਿਚ ਵੰਡਿਆ ਹੈ ਜ਼ਿਕਰ ਕਰੋ।

(ਅ) ਕਾਰਜ ਦੇ ਆਧਾਰ ਤੇ ਸਮਾਜ ਕਿੰਨੀ ਕਿਸਮ ਦਾ ਹੁੰਦਾ ਹੈ।

(ੲ) ਹਰਬਰਟ ਸਪੈਂਸਰ ਨੇ ਜੀਵ ਅਤੇ ਸਮਾਜ ਦੇ ਵਿਕਾਸ ਵਿਚ ਕਿਹੜੀਆਂ ਸਮਾਨਤਾਵਾਂ ਦਾ ਜਿਕਰ ਕੀਤਾ ਹੈ ?

(ਸ) ਕੀ ਸਮਾਜ ਅਤੇ ਜੀਵ ਦੋਵਾਂ ਦਾ ਵਿਕਾਸ ਬਿਲਕੁਲ ਇਕੋ ਜਿਹਾ ਹੈ ਜੇਕਰ ਨਹੀਂ ਤਾਂ ਉਨ੍ਹਾਂ ਅਸਮਾਨਤਾਵਾਂ ਦਾ ਜਿਕਰ ਕਰੋ।

## 2.7 ਉਪਯੋਗੀ ਪੁਸਤਕਾਂ

Timasheff Nacholas S : Sociological Theory : Its Nature and Growth, Third Edition. Random House : New York, 1967

P.S Judge : Samaj Vigyanik Drishtikon Ate Sidhant, Punjabi University, Patiala, 1998.

Jammu and Bhatnagar : Samaj Vigyanik Pattar (Ank 26, 27, 28) Punjabi University, Patiala.

# ਕਾਰਲ ਮਾਰਕਸ
# ਜਮਾਤੀ ਸੰਘਰਸ਼

**ਬਣਤਰ :**


3.0 ਉਦੇਸ਼

3.1 ਜਾਣ ਪਛਾਣ

3.2 ਜਮਾਤੀ ਸੰਘਰਸ਼

3.3 ਜਮਾਤੀ ਸੰਘਰਸ਼ ਦੇ ਮਹੱਤਵਪੂਰਨ ਤੱਤ

- 3.3.1 ਜਾਇਦਾਦ ਦੀ ਮਹੱਤਤਾ
- 3.3.2 ਆਰਥਿਕ ਨਿਰਧਾਰਤਵਾਦ
- 3.3.3 ਜਮਾਤਾਂ ਦਾ ਧਰੁਵੀਕਰਣ
- 3.3.4 ਵਾਧੂ ਕਦਰ ਦਾ ਸਿਧਾਂਤ
- 3.3.5 ਕੰਗਾਲ ਬਣਾਉਣ ਦੀ ਕ੍ਰਿਆ
- 3.3.6 ਵਿਯੋਗਤਾ ਦੀ ਸਥਿਤੀ
- 3.3.7 ਕਰਾਂਤੀ
- 3.3.8 ਪਰੋਲੇਤਾਰੀਏਤ ਦੀ ਡਿਕਟੇਟਰਸ਼ਿਪ
- 3.3.9 ਸਮਾਜਵਾਦੀ ਸਮਾਜ

3.4 ਸਾਰ

3.5 ਅਭਿਆਸ ਲਈ ਪ੍ਰਸ਼ਨ

3.6 ਉਪਯੋਗੀ ਸਮੱਗਰੀ


## 3.0 ਉਦੇਸ਼ :

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਯੋਗ ਹੋਵੋਗੇ ਕਿ :

- ਕਾਰਲ ਮਾਰਕਸ ਦੇ ਜੀਵਨ ਦੀ ਵਿਆਖਿਆ ਕਰ ਸਕੋਂ।
- ਜਮਾਤੀ ਸੰਘਰਸ਼ ਦੇ ਸੰਕਲਪ ਨੂੰ ਬਿਆਨ ਕਰ ਸਕੋਂ।
- ਜਮਾਤੀ ਸੰਘਰਸ਼ ਦੇ ਮਹੱਤਵਪੂਰਨ ਤੱਤਾਂ ਦਾ ਵਰਣਨ ਕਰ ਸਕੋਂ।

## 3.1 ਜਾਣ-ਪਛਾਣ :

ਕਾਰਲ ਮਾਰਕਸ ਜਰਮਨੀ ਦਾ ਇੱਕ ਸੁਪ੍ਰਸਿੱਧ ਫਿਲਾਸਫਰ ਸੀ। ਪ੍ਰਸਿੱਧ ਪਦਾਰਥਕ ਸਿਧਾਂਤ ਦੇ ਵਿਆਖਿਆਕਾਰ ਕਾਰਲ ਮਾਰਕਸ ਦਾ ਜਨਮ ਜਰਮਨੀ ਦੇ ਤਰੀਅਰ (Trier) ਨਾਂ ਦੇ ਸ਼ਹਿਰ ਵਿਚ 5 ਮਈ, 1818 ਈਸਵੀ ਨੂੰ ਦਰਮਿਆਨੇ ਤਬਕੇ ਦੇ ਯਹੂਦੀ ਪਰਿਵਾਰ ਵਿਚ ਹੋਇਆ। ਉਸਦਾ ਪਿਤਾ ਯਹੂਦੀ,

ਪਰ ਕਿੱਤੇ ਵਜੋ ਇਕ ਵਕੀਲ ਸੀ, ਜਿਸ ਨੇ 1824 ਵਿਚ ਪਰੋਟੈਸਟੈਟ ਧਰਮ ਨੂੰ ਧਾਰਨ ਕਰ ਲਿਆ। ਇਸ ਸਮੇ ਕਾਰਲ ਮਾਰਕਸ ਦੀ ਉਮਰ ਛੇ ਸਾਲ ਦੀ ਸੀ। ਮਾਰਕਸ ਦਾ ਬਚਪਨ ਖੁਸ਼ੀਆਂ ਭਰੇ ਮਾਹੌਲ ਵਿਚ ਗੁਜ਼ਰਿਆ, ਜਿਸ ਨੇ ਉਸ ਦੀ ਸ਼ਖਸੀਅਤ ਨੂੰ ਬਹੁਤ ਪ੍ਰਭਾਵਤ ਕੀਤਾ। ਮਾਰਕਸ ਦਾ ਪਰਿਵਾਰ ਰੱਜਾ-ਪੁੱਜਾ, ਸਭਿਆ ਸੀ, ਪਰ ਇਨਕਲਾਬੀ ਨਹੀ ਸੀ। ਤਰੀਅਰ ਦੇ ਜਿਮਨੋਜ਼ੀਅਮ ਦੀ ਪੜ੍ਹਾਈ ਪਾਸ ਕਰਕੇ ਮਾਰਕਸ ਯੂਨੀਵਰਸਿਟੀ ਵਿਚ ਦਾਖਲ ਹੋਇਆ। ਪਹਿਲਾਂ ਬੌਨ (Bonn) ਅਤੇ ਬਾਅਦ ਵਿਚ ਬਰਲਿਨ ਯੂਨੀਵਰਸਿਟੀ ਵਿਚ ਦਾਖਲਾ ਲਿਆ ਜਿਥੇ ਉਸ ਨੇ ਕਾਨੂੰਨ ਇਤਿਹਾਸ ਅਤੇ ਫਿਲਾਸਫੀ ਦਾ ਡੂੰਘਾ ਅਧਿਐਨ ਕੀਤਾ। 1841 ਵਿਚ ਜੀਨ ਦੀ ਯੂਨੀਵਰਸਿਟੀ ਵਿਚ ਦਾਖਲਾ ਲਿਆ ਅਤੇ ਇਥੋਂ ਹੀ ਪੀ-ਐਚ.ਡੀ.(Ph.D) ਦੀ ਡਿਗਰੀ ਪ੍ਰਾਪਤ ਕੀਤੀ। ਬਰਲਿਨ ਯੂਨੀਵਰਸਿਟੀ ਵਿਚ ਰਹਿਣ ਦੇ ਦੌਰਾਨ ਉਸ ਦਾ ਸੰਪਰਕ ਖੱਬੇ ਪੱਖੀ ਹੀਗਲਵਾਦੀਆਂ ਨਾਲ ਹੋਇਆ ਅਤੇ ਉਸ ਉਪਰ ਹੀਗਲ ਦੇ ਵਿਚਾਰਾਂ ਦਾ ਡੂੰਘਾ ਪ੍ਰਭਾਵ ਪਿਆ। 1838 ਵਿਚ ਉਸ ਦੇ ਪਿਤਾ ਦੀ ਮੌਤ ਹੋ ਗਈ। ਆਪਣੀ ਪੜ੍ਹਾਈ ਖਤਮ ਕਰਨ ਤੋ ਛੇਤੀ ਹੀ ਬਾਅਦ ਖੱਬੇ ਕਰਾਂਤੀਕਾਰੀ ਪਰਚੇ ਰੇਨੀਚੇ ਜੀਤੁੰਗ (Rheinische Zeitung) ਲਈ ਲਿਖਣਾ ਸੁਰੂ ਕੀਤਾ ਅਤੇ 1842 ਵਿਚ ਇਸ ਦਾ ਐਡੀਟਰ ਬਣ ਗਿਆ।ਇਸ ਪਰਚੇ ਦੇ ਕਰਾਂਤੀਕਾਰੀ ਹੋਣ ਕਰਕੇ ਸਰਕਾਰ ਨੇ ਇਸ ਨੂੰ 1843 ਵਿਚ ਬੰਦ ਕਰ ਦਿੱਤਾ। ਫੇਰ ਮਾਰਕਸ ਪੈਰਿਸ ਚਲਾ ਗਿਆ ਅਤੇ ਉਥੇ ਜਾ ਕੇ ਵੀ ਉਸ ਨੇ ਲਿਖਣਾ ਜਾਰੀ ਰੱਖਿਆ। ਉਥੇ ਉਹ ਇਕ ਪੱਤਰਕਾਰ ਡਿਊਸ਼-ਵਰਾਜੋਸ਼ਿਸੇ ਜਾਹਰਬਚੂਰ ਲਈ ਲਿਖਦਾ ਰਿਹਾ। ਸਰਕਾਰੀ ਜ਼ਬਰ ਅਤੇ ਹੋਰ ਕਾਰਨਾਂ ਕਰਕੇ ਇਸ ਪੱਤਰਕਾ ਦਾ ਕੇਵਲ ਇਕ ਅੰਕ ਪ੍ਰਕਾਸ਼ਿਤ ਹੋ ਸਕਿਆ, ਜਿਸ ਵਿਚ ਮਾਰਕਸ ਨੇ ਕ੍ਰਾਂਤੀਕਾਰੀ ਲੇਖ ਲਿਖੇ ਇਹਨਾਂ ਲੇਖਾਂ ਵਿਚ ਮਾਰਕਸ ਨੇ ਉਸ ਸਮੇ ਵਿਚ ਵਾਪਰ ਰਹੀ ਬੁਰਾਈ ਦੀ ਬਹੁਤ ਆਲੋਚਨਾ ਕੀਤੀ ਅਤੇ ਕੁਝ ਮਜਦੂਰਾਂ ਨੂੰ ਲਾਮਬੰਦੀ ਵਾਸਤੇ ਪ੍ਰੇਰਿਆ। 1843 ਵਿਚ ਹੀ ਆਪਣੀ ਬਚਪਨ ਦੀ ਦੋਸਤ ਜੇਨੀ ਵੌਨ ਵੈਸਟਾਫਾਲੇਨ ਨਾਲ ਸ਼ਾਦੀ ਕਰ ਲਈ। ਉਸ ਦੀ ਪਤਨੀ ਪਰਸ਼ੀਆ ਦੇ ਇਕ ਪਿਛਾਂਹ ਖਿੱਚੂ ਪਰਿਵਾਰ ਤੋ ਸੀ। ਉਸ ਦਾ ਭਰਾ ਸਭ ਤੋ ਪਿਛਾਂਹ ਖਿਚੂ ਸਮੇ1850-58 ਵਿਚ ਪਰਸ਼ੀਆ ਦਾ ਗ੍ਰਹਿ ਮੰਤਰੀ ਸੀ।

ਸਤੰਬਰ 1844 ਵਿਚ ਕਾਰਲ-ਮਾਰਕਸ ਫ੍ਰੈਡਰਿਕ ਏਂਗਲਜ਼ ਨੂੰ ਮਿਲਿਆ ਅਤੇ ਬਾਅਦ ਵਿਚ ਉਹ ਦੋਵੇ ਪੱਕੇ ਮਿੱਤਰ ਬਣ ਗਏ ਅਤੇ ਉਹਨਾਂ ਦੀ ਮਿੱਤਰਤਾ ਵੀ ਸੰਸਾਰ ਭਰ ਵਿਚ ਇਕ ਮਿਸਾਲ ਬਣ ਗਈ। ਫਿਰ ਦੋਵੇ ਪੈਰਿਸ ਦੀਆਂ ਇਨਕਲਾਬੀ ਸਰਗਰਮੀਆਂ ਵਿਚ ਭਾਗ ਲੈਣ ਲੱਗੇ। ਪੈਰਿਸ ਸਰਕਾਰ ਨੇ ਉਸ ਨੂੰ ਇਕ ਖਤਰਨਾਕ ਕ੍ਰਾਂਤੀਕਾਰੀ ਕਹਿ ਕੇ 1845 ਵਿਚ ਉਥੋ ਕੱਢ ਦਿੱਤਾ। ਇਸ ਸਮੇ ਦੌਰਾਨ ਉਸਨੇ ਆਪਣੀ ਪੁਸਤਕ 'ਫਿਲਾਸਫੀ ਦੀ ਗਰੀਬੀ' (Poverty of Philosophy) ਲੋਕਾਂ ਨੂੰ ਦਿੱਤੀ। 1845 ਵਿਚ ਉਹ ਬਰਸਲਜ਼ ਚਲਾ ਗਿਆ। ਮਾਰਕਸ ਨੇ ਏਗਲਸ ਨਾਲ ਰਲ ਕੇ ਇਕ ਗੁਪਤ (Propaganda Society) 'ਕਮਿਊਨਿਸਟ ਲੀਗ' ਦੀ ਨੀਂਹ 1847 ਵਿਚ ਰੱਖੀ।ਉਸਨੇ ਲੀਗ ਦੀ ਦੂਜੀ ਕਾਨਫਰੰਸ ਵਿਚ ਬਹੁਤ ਮਹੱਤਵਪੂਰਣ ਢੰਗ ਨਾਲ ਹਿੱਸਾ ਲਿਆ ਅਤੇ ਫਰਵਰੀ 1848 ਵਿਚ ਉਸਨੂੰ ਲੰਡਨ ਜਾਣਾ ਪਿਆ। ਜਿਥੇ ਉਹ ਬਾਕੀ ਦੀ ਸਾਰੀ ਜਿੰਦਗੀ ਲਿਖਦਾ ਪੜ੍ਹਦਾ ਰਿਹਾ। ਮਾਰਕਸ ਨੇ ਪਦਾਰਥਵਾਦੀ ਸਿਧਾਂਤ ਦਾ ਵਿਕਾਸ ਕੀਤਾ। ਉਸ ਦੀਆਂ ਮੁੱਖ ਲਿਖਤਾਂ ਵਿਚ ''ਦੀ ਕੈਪੀਟਲ'', ''ਕਮਿਉਨਿਸਟ ਮੈਨੀਫੈਸਟੋ'' (1848) "Critique of political Economy --1859" ''ਗੋਬਾ ਪ੍ਰੋਗਰਾਮ'' ਆਦਿ ਹਨ। ਸਤੰਬਰ 28, 1864 ਨੂੰ ਮਾਰਕਸ ਨੇ ਕਿਰਤੀਆਂ ਦੇ ਅੰਤਰ ਰਾਸ਼ਟਰੀ ਸੰਗਠਨ ਦੀ ਸਥਾਪਨਾ ਕੀਤੀ ਅਤੇ ਆਪਣਾ ਪਹਿਲਾ ਪ੍ਰਧਾਨਗੀ ਭਾਸ਼ਨ ਦਿੱਤਾ। ਉਹ ਉਮਰ ਭਰ ਸੰਸਾਰ ਭਰ ਦੇ ਕਿਰਤੀਆਂ ਲਈ ਕੰਮ ਕਰਦੇ ਰਹੇ। ਉਹਨਾਂ ਨੂੰ ਜੀਵਨ ਭਰ ਬੇ-ਘਰ ਅਤੇ ਭੁੱਖ ਮਰੀ ਵਰਗੀਆਂ ਅਨੇਕ ਕਠਿਨਾਈਆਂ ਵਿਚੋ ਲੰਘਣਾ ਪਿਆ। ਪਰ ਇਸ ਦੇ ਬਾਵਜੂਦ ਵੀ ਉਸਨੇ ਲਿਖਣਾ ਨਹੀ ਛੱਡਿਆ। 2 ਦਸੰਬਰ, 1881 ਨੂੰ ਉਸਦੀ ਪਤਨੀ ਦੀ ਮੌਤ ਹੋ ਗਈ। ਉਸ ਤੋ ਥੋੜਾ ਚਿਰ ਬਾਅਦ 14 ਮਾਰਚ, 1883 ਨੂੰ ਉਹ ਆਪ ਚਲ ਵੱਸੇ। ਪਿੱਛੋ ਉਸਦਾ ਅਧੂਰਾ ਕੰਮ ਉਸਦੇ ਦੋਸਤ ਏਂਗਲਜ਼ ਨੇ ਮਾਰਕਸ ਦੀਆਂ 'ਦ-ਕੈਪੀਟਲ' ਦੀਆਂ ਦੋ ਜਿੱਲਦਾਂ (ਮਾਰਕਸ :

1856 ਤੋ 1859) ਦਾ ਸੰਪਾਦਨ ਕਰਕੇ ਪੂਰਾ ਕੀਤਾ। ਕਾਰਲ ਮਾਰਕਸ ਨੂੰ ਮੌਤ ਪਿਛੋਂ ਮਾਰਕਸ ਨੂੰ ਲੰਡਨ ਵਿਖੇ ਹਾਈਗੇਟ ਕਬਰਸਤਾਨ ਵਿੱਚ ਉਸਦੀ ਪਤਨੀ ਜੀਨੀ ਦੀ ਕਬਰ ਦੇ ਸਮੀਪ ਹੀ ਦਫਨਾਇਆ ਗਿਆ। ਕਾਰਲ ਮਾਰਕਸ ਬਹੁਪੱਖੀ ਪ੍ਰਤਿੱਭਾ ਦਾ ਮਾਲਕ ਸੀ। ਉਸਦੀ ਮੌਤ ਤੋ ਪਿਛੋ ਆਪਣੇ ਲੈਕਚਰ ਵਿਚ ਏਂਗਲਜ਼ ਨੇ ਉਸਨੂੰ ਦੁਨੀਆ ਭਰ ਦਾ ਸਭ ਤੋ ਮਹਾਨ ਚਿੰਤਕ ਦੱਸਿਆ।

## 3.2 ਜਮਾਤੀ ਸੰਘਰਸ਼ (Class Struggle)

ਮਾਰਕਸ ਦੀ ਸਾਰੀ ਸਿਧਾਂਤਕ ਸਕੀਮ ਦਾ ਜਾਤੀ ਸੰਘਰਸ਼ ਇੱਕ ਕੇਦਰੀ ਧੁਰਾ ਹੈ, ਜੋ ਕਿ ਤਿੰਨ ਗੱਲਾਂ ਉਪਰ ਆਧਾਰਿਤ ਹੈ। ਇਕ ਤਾਂ ਇਹ ਕਿ ਸਮਾਜ ਦਾ ਇਤਿਹਾਸ ਜਮਾਤੀ ਸੰਘਰਸ਼ ਦਾ ਇਤਿਹਾਸ ਹੈ। ਭਾਵੇ ਇਹ ਸੰਘਰਸ਼ ਮਾਸਟਰ ਅਤੇ ਗੁਲਾਮ ਵਿਚ, ਜਮੀਨ ਮਾਲਕ ਅਤੇ ਮੁਜਾਰੇ ਵਿਚ, ਗਿੱਲਡ ਮਾਸਟਰ ਅਤੇ ਜਰਨੀਮੈਨ ਵਿਚ, ਬੁਰਜੂਆਂ ਅਤੇ ਪ੍ਰੋਲੇਤਾਰੀਏਤ ਵਿੱਚ ਭਾਵ ਜ਼ਾਲਮ ਅਤੇ ਜ਼ੁਲਮ ਸਹਿਣ ਵਾਲੇ ਵਿਚ ਰਿਹਾ ਹੈ। ਦੂਜੀ ਗੱਲ ਕਿ ਇਹ ਮਨੁੱਖੀ ਚੇਤਨਾ ਨਹੀ ਜੋ ਬੰਦੇ ਦੀ ਹੋਦ ਨੂੰ ਨਿਰਧਾਰਤ ਕਰਦੀ ਹੈ ਸਗੋ ਇਹ ਬੰਦੇ ਦੀ ਹੋਦ ਹੀ ਹੈ ਜੋ ਮਨੁੱਖੀ ਚੇਤਨਾ ਨੂੰ ਪ੍ਰਭਾਵਿਤ ਕਰਦੀ ਹੈ। ਤੀਸਰੀ ਗੱਲ ਕਿ ਹਰ ਸਮਿਆਂ ਵਿਚ ਰਾਜ ਕਰਤਾ ਜਮਾਤ ਦਾ ਖਿਆਲ (ਵਿਚਾਰਧਾਰਾ) ਹੀ ਪ੍ਰਭਾਵੀ ਹੁੰਦਾ ਹੈ ਜੋ ਕਿ ਇਕ ਪ੍ਰਭਾਵੀ ਪਦਾਰਥਿਕ ਸ਼ਕਤੀ ਵੀ ਹੁੰਦਾ ਹੈ ਅਤੇ ਇਕ ਪ੍ਰਭਾਵੀ ਬੌਧਿਕ ਸ਼ਕਤੀ ਵੀ। ਕਾਰਲ ਮਾਰਕਸ ਇਤਿਹਾਸ ਦਾ ਇਕ ਬਹੁਤ ਹੀ ਸੁਘੜ ਵਿਦਿਆਰਥੀ ਸੀ ਜਿਸ ਨੇ ਦੱਸਿਆ ਕਿ ਮਨੁੱਖੀ ਇਤਿਹਾਸ ਕਈ ਪੜਾਵਾਂ ਵਿੱਚੋ ਗੁਜਰ ਚੁੱਕਾ ਹੈ ਅਤੇ ਸਮਾਜ ਦੀ ਹਰ ਸਟੇਜ ਵਿਚ ਆਪਣੀ ਬਰਬਾਦੀ ਦੇ ਬੀਜ ਹੁੰਦੇ ਹਨ ਅਤੇ ਇਤਿਹਾਸ ਵਿਚ ਹਰ ਪੜਾਅ ਤੇ ਲੜਾਈ ਲੁਟੇਰੇ ਅਤੇ ਲੁੱਟੇ ਜਾਣ ਵਾਲਿਆਂ ਦੇ ਵਿਚ ਹੀ ਰਹੀ ਹੈ। ਮਾਰਕਸ ਤੇ ਏਂਗਲਜ਼ ਨੇ ਆਪਣੇ ਕੋਮਿਊਨਿਸਟ ਮੈਨੀਫੈਸਟੋ ਦੇ ਆਰੰਭ ਵਿਚ ਹੀ ਇਹ ਤੱਥ ਮੰਨਿਆ ਤੇ ਸਿੱਖਿਆ ਕਿ ਹੁਣ ਤੀਕਰ ਹੋਏ ਸਭਨਾਂ ਸਮਾਜਾਂ ਦਾ ਇਤਿਹਾਸ ਵਰਗ ਸੰਘਰਸ਼ਾਂ ਦਾ ਇਤਿਹਾਸ ਹੈ। ਆਜ਼ਾਦ ਤੇ ਗੁਲਾਮ, ਪੈਟਰੀਸ਼ੀਅਨ ਤੇ ਪਲੈਬੀਅਨ, ਮਾਲਕ ਤੇ ਭੌ-ਗੁਲਾਮ, ਗਿਲਡ ਮਾਸਟਰ ਤੇ ਕਾਰੀਗਰ ਗੱਲ ਕੀ ਕਿ ਸ਼ੋਸਕ ਤੇ ਸ਼ੋਸਿਤ ਹੋਣ ਵਾਲਾ, ਇਕ ਦੂਜੇ ਦੇ ਲਗਾਤਾਰ ਵਿਰੋਧ ਵਿੱਚ ਰਹੇ ਅਤੇ ਅਖੰਡਨੀਯ ਢੰਗ ਨਾਲ ਕਦੀ ਗੁੱਝੀ ਤੇ ਕਦੀ ਖੁੱਲੀ ਲੜਾਈ ਕਰਦੇ ਰਹੇ। ਇਹੋ ਜਿਹੀ ਲੜਾਈ ਜਿਸ ਦਾ ਹਰ ਵਾਰ ਜਾਂ ਤਾਂ ਸਾਰੇ ਸਮਾਜ ਦੀ ਇਨਕਲਾਬੀ ਮੁੜ ਰਚਨਾ ਵਿਚ ਤੇ ਜਾਂ ਸੰਘਰਸ਼ਮਈ ਵਰਗਾਂ ਦੀ ਸਾਂਝੀ ਤਬਾਹੀ ਵਿਚ ਅੰਤ ਹੋਇਆ ....ਅਜੋਕਾ ਬੁਰਜੂਆਂ ਸਮਾਜ, ਜੋ ਸਾਮੰਤਸ਼ਾਹੀ ਸਮਾਜ ਦੇ ਖੰਡਰਾਂ ਤੇ ਉਸਰਿਆ ਹੈ, ਵਰਗ ਵਿਰੋਧ ਨੂੰ ਖਤਮ ਨਹੀਂ ਕਰ ਸਕਿਆ। ਇਸ ਨੇ ਸਗੋਂ ਪੁਰਾਣਿਆਂ ਦੀ ਥਾਂ ਨਵੇਂ ਵਰਗ, ਜਬਰ ਦੀਆਂ ਨਵੀਆਂ ਹਾਲਤਾਂ, ਘੋਲ ਦੀਆਂ ਨਵੀਆਂ ਸ਼ਕਲਾਂ ਕਾਇਮ ਕੀਤੀਆਂ ਹਨ। ਬੁਰਜੂਆਜੀ ਦੇ ਜੁੱਗ ਦਾ ਇਹ ਵਿਸ਼ੇਸ਼ ਲੱਛਣ ਹੈ ਕਿ ਇਸ ਨੇ ਸ਼ਰੇਣੀ ਵਿਰੋਧਾਂ ਨੂੰ ਸਫਲ ਬਣਾ ਦਿੱਤਾ, ਸਮੁੱਚੇ ਤੌਰ ਤੇ ਸਮਾਜ ਬਹੁਤਿਓ ਬਹੁਤਾ ਦੋ ਮਹਾਨ ਵਿਰੋਧੀ ਧੜਿਆਂ ਵਿੱਚ ਇਕ ਦੂਜੀ ਦਾ ਸਿੱਧਾ ਸਾਹਮਣਾ ਕਰਕੇ ਦੋ ਮਹਾਨ ਵਰਗਾਂ ਬੁਰਜੂਆਜੀ ਤੇ ਪ੍ਰੋਲੇਤਾਰੀਏਤ ਵਿਚਕਾਰ ਵੰਡਦਾ ਜਾ ਰਿਹਾ ਹੈ(ਮਾਰਕਸ ਏਂਗਲਜ਼ 1875, 35-36)।

ਕਾਰਲ ਮਾਰਕਸ ਅਨੁਸਾਰ ਜਮਾਤਾਂ ਦਾ ਆਧਾਰ ਆਰਥਿਕ ਵਖਰੇਵਾਂ ਹੈ। ਜਮਾਤਾਂ ਆਰਥਿਕ ਸਮੂੰਹਾਂ ਵਾਂਗ ਹਨ, ਜਿਨ੍ਹਾਂ ਦੀ ਵੰਡ ਉਤਪਾਦਨ ਦੇ ਕੰਮ ਕਈ ਕਿਸਮ ਦੇ ਸੰਦਾਂ ਉਪਰ ਕਬਜ਼ੇ ਦੇ ਆਧਾਰ ਤੇ ਕੀਤੀ ਗਈ ਹੈ। ਕਾਰਲ ਮਾਰਕਸ ਨੇ ਮੱਧ ਤੇ ਥੱਲੜੇ ਦਰਜੇ ਦੇ ਲੋਕਾਂ ਦੁਆਰਾ ਜਮਾਤ ਬਣਤਰ ਦੇ ਕਾਰਨ ਦਾ ਬਿਆਨ ਇਸ ਤਰ੍ਹਾਂ ਕੀਤਾ : ਮੱਧ ਵਰਗ ਦਾ ਥੱਲੜਾ ਤਬਕਾ ਛੋਟੇ ਵਿਉਪਾਰੀ ਲੋਕ, ਦੁਕਾਨਦਾਰ ਅਤੇ ਸੇਵਾਮੁਕਤ ਕਾਰੋਬਾਰੀ ਆਦਮੀ, ਦਸਤਕਾਰ ਅਤੇ ਕਿਸਾਨ ਇਹ ਸਾਰੇ ਹੌਲੀ ਹੌਲੀ ਪਰੋਲੇਤਾਰੀਅਤ ਪਾਰਟੀ ਵਿਚ ਚਲੇ ਜਾਂਦੇ ਹਨ ਕਿਉਕਿ ਉਹਨਾਂ ਦੀ ਪੂੰਜੀ ਉਸ ਪੱਧਰ ਦੀ ਨਹੀਂ ਹੁੰਦੀ ਜਿੰਨੀ ਆਧੁਨਿਕ ਉਦਯੋਗਪਤੀਆਂ ਕੋਲ ਅਤੇ ਕੁਝ ਹੱਦ ਤੱਕ ਇਹ ਵੱਡੇ ਸਰਮਾਏ-ਦਾਰਾਂ ਦੇ ਮੁਕਾਬਲੇ ਪ੍ਰਭਾਵਹੀਣ ਹੋ ਗਈ ਹੁੰਦੀ ਹੈ, ਕਿਉਂਕਿ ਉਹਨਾਂ ਦੀ ਵਿਸ਼ਿਸ਼ਟ ਕੁਸ਼ਲਤਾ ਉਤਪਾਦਨ ਦੇ ਨਵੇਢੰਗਾ ਦੁਆਰਾ ਬੇਕਾਰ

ਬਣਾ ਦਿੱਤੀ ਜਾਂਦੀ ਹੈ ਇਸ ਲਈ ਪਰੋਲੇਤਾਰੀਅਤ ਲੋਕਾਂ ਦੀਆਂ ਸਾਰੀਆਂ ਜਮਾਤਾਂ ਚੋਂ ਭਰਤੀ ਕੀਤੇ ਜਾਂਦੇ ਹਨ। ਆਧੁਨਿਕ ਸਰਮਾਏਦਾਰੀ ਸਮਾਜ ਦਾ ਜਮਾਤਾ 'ਚ ਨਵਾਂ ਰੂਪ ਸਾਹਮਣੇ ਆਇਆ ਹੈ। ਸ਼ੋਸ਼ਣ ਦੇ ਨਵੇਂ ਹਾਲਾਤ ਸੰਘਰਸ਼ ਦੇ ਨਵੇਂ ਰੂਪ ਹੋਂਦ ਵਿਚ ਆਏ ਹਨ। ਨਵੇਂ ਸਰਮਾਏਦਾਰੀ ਪ੍ਰਬੰਧ ਵਿਚ ਪ੍ਰੋਲੇਤਾਰੀ ਜਮਾਤ ਸਹੀ ਇਨਕਲਾਬੀ ਹੈ। ਹੋਰ ਜਮਾਤਾਂ ਹੌਲੀ ਹੌਲੀ ਅਲੋਪ ਹੋ ਜਾਂਦੀਆਂ ਹਨ।ਥੱਲੜੀ ਮੱਧ ਵਰਗ ਜਮਾਤ ਇਨਕਲਾਬੀ ਨਹੀਂ ਹੁੰਦੀ ਪਰ ਰੂੜ੍ਹਵਾਦੀ ਹੁੰਦੀ ਹੈ। ਕਾਰਲ ਮਾਰਕਸ ਅਨੁਸਾਰ ਜਮਾਤੀ ਵੱਖਰੇਵੇਂ ਦਾ ਆਧਾਰ ਹੀ ਪਦਾਰਥਿਕ ਤੱਤ ਹੈ ਕਿਉਂਕਿ ਉਸ ਦੇ ਵਿਚਾਰਾਂ ਅਨੁਸਾਰ ਸਮਾਜ ਵਿਚ ਜਮਾਤ ਹੁੰਦੀ ਹੀ 'ਆਰਥਿਕ ਜਮਾਤ' ਹੈ, ਜਿਸ ਦਾ ਆਧਾਰ ਉਤਪਾਦਨ ਦੀ ਪ੍ਰਕ੍ਰਿਆ ਤੇ ਸਮਾਜ ਵਿਚ ਆਰਥਿਕ ਤਰੱਕੀ ਦੀ ਵੰਡ ਹੈ ਜਦੋਂ ਸਮਾਜ ਵਿਚ ਵੰਡ ਪ੍ਰਕ੍ਰਿਆ ਅਤੇ ਵਿਕਾਸ ਪ੍ਰਕ੍ਰਿਆ ਅਸਾਵੀਂ ਨਹੀ ਹੁੰਦੀ ਤਾਂ ਉਥੇ ਜਮਾਤਾਂ ਦੀ ਹੋਂਦ ਨਹੀਂ ਹੋ ਸਕਦੀ ਤੇ ਜਮਾਤਾਂ ਦੀ ਹੋਂਦ ਤੋਂ ਬਿਨਾ ਜਮਾਤੀ ਸੰਘਰਸ਼ ਨਹੀਂ ਹੋ ਸਕਦਾ। ਮੁੱਢਲੇ ਸਮਾਜ, ਜਮਾਤ ਰਹਿਤ ਸਮਾਜ ਸੀ ਕਿਉਂਕਿ ਉਸ ਵਿਚ ਨਿੱਜੀ ਜਾਇਦਾਦ ਦੀ ਧਾਰਨਾ ਨਹੀਂ ਸੀ। ਜਮਾਤੀ ਵੱਖਰੇਵਾਂ ਪੈਦਾ ਹੀ ਉਦੋਂ ਹੁੰਦਾ ਹੈ ਜਦੋਂ ਉਤਪਾਦਨ ਕਰਤਾ ਉਤਪਾਦਨ ਪ੍ਰਕ੍ਰਿਆ ਵਿਚੋਂ ਸਾਰੇ ਲਾਭਾਂ ਨੂੰ ਆਪ ਹੜੱਪ ਕੇ ਉਤਪਾਦਨ ਕਰਨ ਵਾਲੀ ਜਮਾਤ ਦਾ ਗਲਾ ਘੁੱਟਣਾ ਚਾਹੁੰਦਾ ਹੈ। ਜਿਵੇਂ ਜਾਗੀਰਦਾਰੀ ਪ੍ਰਬੰਧ ਵਿੱਚ ਸਾਰੇ ਫਾਇਦੇ ਕਿਸਾਨਾਂ ਅਤੇ ਮਜਦੂਰਾਂ ਦੀ ਬਿਨਾਂ ਤੇ ਜਗੀਰਦਾਰ ਆਪ ਖਾ ਜਾਂਦਾ ਸੀ। ਇਸੇ ਤਰ੍ਹਾਂ ਸਰਮਾਏਦਾਰੀ ਨਿਜ਼ਾਮ ਵਿੱਚ ਸਰਮਾਏਦਾਰ ਫਾਲਤੂ ਕਦਰਾਂ ਦੇ ਰੂਪ ਵਿੱਚ ਸਾਰੇ ਫਾਇਦੇ ਆਪ ਹੜੱਪ ਕਰ ਜਾਂਦਾ ਹੈ ਅਤੇ ਮਜ਼ਦੂਰ ਜਮਾਤ ਰੋਟੀ ਨੂੰ ਤਰਸਦੀ ਰਹਿੰਦੀ ਹੈ।

## 3.3 ਜਮਾਤੀ ਸੰਘਰਸ਼ ਤੇ ਮਹੱਤਵਪੂਰਨ ਤੱਤ :

### 3.3.1 ਜਾਇਦਾਦ ਦੀ ਮਹੱਤਤਾ (Significance of private property) :

ਕਿਸੇ ਵੀ ਸਮਾਜ ਦੀ ਵੱਡਮੁੱਲੀ ਵਿਲੱਖਣਤਾ ਇਸ ਵਿਚ ਹੁੰਦੀ ਹੈ ਕਿ ਉਥੇ ਜਾਇਦਾਦ ਦਾ ਕੀ ਰੂਪ ਹੈ ਅਤੇ ਵਿਅਕਤੀਗਤ ਵਤੀਰੇ ਨੂੰ ਪ੍ਰਭਾਵਤ ਕਰਨ ਵਾਲੀ ਗੱਲ ਇਹ ਹੁੰਦੀ ਹੈ ਕਿ ਉਸਦਾ ਜਾਇਦਾਦ ਨਾਲ ਕੀ ਰਿਸ਼ਤਾ ਹੈ? ਜਮਾਤਾਂ ਦੀ ਉਪਜ ਇਸ ਕਰਕੇ ਨਹੀਂ ਹੁੰਦੀ ਹੈ ਕਿ ਕੋਈ ਬੰਦਾ ਕੀ ਕੰਮ ਕਰਦਾ ਹੈ ਭਾਵ ਉਸਦਾ ਕਿੱਤਾ ਕੀ ਹੈ, ਸਗੋਂ ਇਸ ਗੱਲ ਤੋਂ ਹੁੰਦੀ ਹੈ ਕਿ ਉਸ ਦਾ ਉਤਪਾਦਨ ਦੇ ਸਾਧਨਾਂ ਨਾਲ ਕੀ ਸੰਬੰਧ ਸੀ, ਜਾਇਦਾਦ ਦੀ ਵੰਡ ਅਤੇ ਆਮਦਨ ਦੀ ਵੰਡ ਵਰਗੇ ਅਭਿਆਸ ਜਮਾਤੀ ਵੱਖਰੇਵੇਂ ਨੂੰ ਹੋਰ ਪੱਕਾ ਕਰਦੇ ਹਨ। ਜੋ ਅੱਗੋਂ ਲੜੀਵਾਰ ਸੰਘਰਸ਼ ਲਈ ਰਾਹ ਪੱਧਰਾ ਹੁੰਦਾ ਹੈ। ਕਿਉਂਕਿ ਜਿੰਨੀ ਅਸਾਵੀ ਵੰਡ ਹੋਵੇਗੀ, ਉਨੀਂ ਹੀ ਉਹਨਾਂ ਦੀ ਲੁੱਟ ਜ਼ਿਆਦਾ ਹੋਵੇਗੀ, ਜਿਸ ਨਾਲ ਉਹਨਾਂ ਨੂੰ ਆਪਣੇ ਆਪ ਨਾਲ ਅਲਹਿਦਗੀ ਦਾ ਅਹਿਸਾਸ ਹੋਵੇਗਾ, ਜਿਸ ਨਾਲ ਉਹਨਾਂ ਦੀ ਜਮਾਤੀ ਚੇਤਨਾ ਉਜਾਗਰ ਹੋਵਗੀ, ਜਿਸ ਨਾਲ ਵਰਗ ਸੰਘਰਸ਼ ਹੋਰ ਵੀ ਤੇਜ਼ ਹੋਵੇਗਾ।

### 3.3.2 ਆਰਥਿਕ ਨਿਰਧਾਰਤਵਾਦ (Economic determinism) :

ਸਰਮਾਏਦਾਰੀ ਦਾ ਮੁੱਖ ਖਾਸਾ ਇਹ ਹੁੰਦਾ ਹੈ ਕਿ ਉਤਪਾਦਨ ਦੇ ਸਾਧਨਾਂ ਤੇ ਧਿਆਨ ਦਾ ਕੇਂਦਰੀਕਰਣ ਅਤੇ ਕੁਝ ਹੱਥਾਂ ਵਿਚ ਉਨ੍ਹਾਂ ਦੀ ਵੰਡ। ਹਮੇਸ਼ਾਂ ਜਿਸ ਜਮਾਤ ਦੇ ਹੱਥਾਂ ਵਿਚ ਉਤਪਾਦਨ ਦੇ ਸਾਧਨ ਹੋਣਗੇ , ਉਹ ਹੀ ਰਾਜ ਕਰਤਾ ਜਮਾਤ ਹੋਵੇਗੀ ਅਤੇ ਉਹ ਰਾਜ ਸੱਤਾ ਦੀ ਵਰਤੋਂ ਦੂਸਰੀ ਜਮਾਤ ਨੂੰ ਦਬਾਉਣ ਲਈ ਹੀ ਕਰਦੀ ਹੈ। ਰਾਜ ਦੀ ਸਾਰੀ ਮਸ਼ੀਨਰੀ ਫੌਜ, ਪੁਲਿਸ, ਕੋਰਟ ਆਦਿ ਉਸ ਜਮਾਤ ਦੇ ਹਿੱਤਾਂ ਨੂੰ ਹੀ ਬਚਾਉਣ ਵਿਚ ਲੱਗੇ ਰਹਿੰਦੇ ਹਨ।

### 3.3.3 ਜਮਾਤਾਂ ਦਾ ਧਰੁਵੀਕਰਣ (Polerisation of classes)

ਸਰਮਾਏਦਾਰੀ ਸਮਾਜ ਵਿਚ ਜਮਾਤਾਂ ਦਾ ਧਰੁਵੀਕਰਣ ਹੋਣਾ ਲਾਜ਼ਮੀ ਹੁੰਦਾ ਹੈ। ਮੁੱਖ ਤੌਰ ਤੇ ਦੋ ਜਮਾਤਾਂ ਹੋਂਦ ਵਿਚ ਆਉਂਦੀਆਂ ਹਨ, ਜਿਨ੍ਹਾਂ ਨੂੰ ਕਾਰਲ ਮਾਰਕਸ ਨੇ 'ਬੁਰਜੁਆਜ਼ੀ' ਅਤੇ 'ਪਰੋਲੇਤਾਰੀਏਤ' ਕਿਹਾ

ਹੈ। ਜਿਨ੍ਹਾਂ ਲੋਕਾਂ ਦਾ ਉਤਪਾਦਨ ਦੇ ਸਾਧਨਾਂ ਤੇ ਕਬਜ਼ਾ ਹੁੰਦਾ ਹੈ ਅਤੇ ਜੋ ਜਮਾਤ ਉਤਪਾਦਕ ਵਸਤਾਂ ਨੂੰ ਵੇਚਣ ਦਾ ਸੰਪੂਰਨ ਅਧਿਕਾਰ ਰੱਖਦੀ ਹੈ, ਉਸ ਜਮਾਤ ਨੂੰ 'ਬੁਰਜੁਆਜੀ' ਕਿਹਾ ਅਤੇ ਜਿਸ ਜਮਾਤ ਦਾ ਉਤਪਾਦਨ ਦੇ ਸਾਧਨਾਂ ਤੇ ਕੋਈ ਕਬਜ਼ਾ ਨਹੀਂ ਹੁੰਦਾ ਅਤੇ ਨਾ ਹੀ ਉਤਪਾਦਨ ਨਾਲ ਕੋਈ ਰਿਸ਼ਤਾ ਹੁੰਦਾ ਹੈ ਉਸਨੂੰ 'ਪਰੋਲੇਤਾਰੀ'ਜਮਾਤ ਕਿਹਾ। ਪਰੋਲੇਤਾਰੀ ਜੋ ਆਪਣੀ ਕਿਰਤ ਹੋਰ ਵਸਤਾਂ ਦੀ ਤਰ੍ਹਾਂ ਮੰਡੀ ਵਿਚ ਵੇਚਦਾ ਹੈ ਜਿਸਦੇ ਬਦਲੇ ਉਸਨੂੰ ਮਜ਼ਦੂਰੀ ਦਿੱਤੀ ਜਾਂਦੀ ਹੈ। ਇਨ੍ਹਾਂ ਜਮਾਤਾਂ ਤੋਂ ਇਲਾਵਾ ਕਾਰਲ ਮਾਰਕਸ ਨੇ ਹੋਰ ਜਮਾਤਾਂ ਦਾ ਜ਼ਿਕਰ ਵੀ ਕੀਤਾ ਜਿਵੇਂ ਪੈਟੀ ਬੁਰਜੁਆਈ', ਛੋਟਾ ਸਰਮਾਏਦਾਰੀ ਅਤੇ ਲੋਪਨ-ਪਰੋਲੇਤਾਰੀ। ਪਰ ਆਖਿਰਕਾਰ ਜਮਾਤੀ ਸੰਘਰਸ਼ ਵਿੱਚ ਇਹਨਾਂ ਜਮਾਤਾਂ ਨੇ ਉਪਰਲੀ (Capitalist Class) ਜਾਂ ਹੇਠਲੀ ਜਮਾਤ (Labour Class) ਵਿੱਚ ਹੀ ਲੱਗਣਾ ਹੁੰਦਾ ਹੈ।

### 3.3.4 ਵਾਧੂ ਕਦਰ ਦਾ ਸਿਧਾਂਤ (Surplus value)

ਸਰਮਾਏਦਾਰੀ ਦਾ ਸਰਮਾਇਆ ਹਮੇਸ਼ਾਂ ਮਜਦੂਰਾਂ ਦੀ ਲੁੱਟ ਨਾਲ ਹੀ ਵੱਧਦਾ ਹੈ। ਉਤਪਾਦਨ ਪ੍ਰਕ੍ਰਿਆ ਵਿਚ ਵਸਤੂਆਂ ਦੀ ਕੀਮਤ ਨੂੰ ਨਿਰਧਾਰਤ ਕਰਨ ਦਾ ਢੰਗ ਹੈ ਕਿ ਉਸ ਉਪਰ ਕਿੰਨੀ ਲਾਗਤ ਆਈ। ਜਦੋ ਮਜਦੂਰ ਕਾਰਖਾਨੇ ਵਿਚ ਕੰਮ ਕਰਦਾ ਹੈ ਤਾਂ ਉਹ ਮੰਨੋ ਕਿ ਪੰਜ ਘੰਟੇ ਵਿੱਚ ਉਨ੍ਹਾਂ ਕੰਮ ਕਰ ਦਿੰਦਾ ਹੈ ਜਿੰਨੀ ਉਸ ਨੂੰ ਮਜਦੂਰੀ ਦਿੱਤੀ ਜਾਂਦੀ ਹੈ, ਪਰ ਉਸ ਤੋਂ ਕੰਮ ਅੱਠ ਘੰਟੇ ਲਿਆ ਜਾਂਦਾ ਹੈ। ਹੁਣ ਉਹ ਤਿੰਨ ਘੰਟੇ ਕੰਮ ਮੁਫਤ ਕਰਦਾ ਹੈ। ਇਸ ਸਮੇਂ ਵਿਚ ਜੋ ਉਹ ਕੰਮ ਕਰਦਾ ਹੈ ਉਹ ਹੀ ਵਾਧੂ ਮੁੱਲ ਹੈ ਜਾਂ ਸਰਮਾਏਦਾਰ ਦਾ ਲਾਭ ਹੈ ਜਿਸ ਉੱਪਰ ਮਜ਼ਦੂਰ ਦਾ ਵੀ ਹਿੱਸਾ ਹੁੰਦਾ ਹੈ ਜੋ ਕਿ ਉਸ ਨੂੰ ਨਹੀਂ ਮਿਲਦਾ, ਸਾਰਾ ਸਰਮਾਏਦਾਰ ਰਾਹੀਂ ਹੀ ਹੜਪਿਆ ਜਾਂਦਾ ਹੈ। ਇਸ ਹਿਸਾਬ ਨਾਲ ਉਸਦਾ ਸਰਮਾਇਆ ਵੱਧਦਾ ਚਲਾ ਜਾਂਦਾ ਹੈ।

### 3.3.5 ਕੰਗਾਲ ਬਣਾਉਣ ਦੀ ਕ੍ਰਿਆ (Pauperisation)

ਸਰਮਾਏਦਾਰ ਵੱਲੋਂ ਮਜਦੂਰਾਂ ਦੀ ਅਥਾਹ ਲੁੱਟ, ਅਣਅਸਾਵਾਂ ਵਿਕਾਸ ਅਤੇ ਅਣਅਸਾਵੇਂ ਵਿਕਾਸ ਕਾਰਨ ਲੋਕ ਆਏ ਦਿਨ ਗਰੀਬ ਹੁੰਦੇ ਹਨ, ਬੇਘਰ ਹੁੰਦੇ ਜਾਂਦੇ ਹਨ, ਰੋਟੀ ਖੁਣੋ ਮੁਥਾਜ ਹੋਣ ਕਰਕੇ ਦਮ ਤੋੜ ਜਾਂਦੇ ਹਨ। ਦੂਜੇ ਪਾਸੇ ਸਰਮਾਏਦਾਰ ਦੀ ਪੂੰਜੀ ਆਏ ਦਿਨ ਵਧਦੀ ਚਲੀ ਜਾਂਦੀ ਹੈ।

### 3.3.6 ਵਿਯੋਗਤਾ ਦੀ ਸਥਿਤੀ (State of alienation)

ਆਰਥਿਕ ਸੋਸ਼ਣ ਅਤੇ ਅਣਮਨੁੱਖੀ ਕੰਮ ਵਿਵਸਥਾ ਕਰਕੇ ਆਦਮੀ ਅੰਦਰ ਵਿਯੋਗਤਾ ਦੀ ਸਥਿਤੀ ਉਤਪੰਨ ਹੋ ਜਾਂਦੀ ਹੈ ਆਦਮੀ ਜਿਉਂ ਜਿਉਂ ਆਪਣੇ ਆਪ ਨੂੰ ਵਸਤੂ ਦੇ ਪੱਧਰ ਤੱਕ ਡੋਬਦਾ ਜਾਂਦਾ ਹੈ ਤਿਉਂ ਤਿਉ ਉਹ ਗੁਲਾਮ ਬਣਦਾ ਜਾਂਦਾ ਹੈ ਜਿਸਦਾ ਸਿੱਟਾ ਇਹ ਨਿਕਲਦਾ ਹੈ ਕਿ ਉਹ ਬਹੁਤ ਦੁੱਖੀ ਅਤੇ ਵਿਚਾਰਾ ਬਣ ਜਾਂਦਾ ਹੈ। ਉਹ ਆਪਣੇ ਆਪ ਤੋਂ, ਆਪਣੀ ਕਿਰਤ ਦੀ ਉਤਪਾਦਿਕਤਾ ਤੋਂ, ਹੋਰਨਾਂ ਦੋਸਤਾਂ ਤੋਂ ਅਤੇ ਪੂਰੀ ਮਨੁੱਖੀ ਕਮਿਊਨਿਟੀ ਤੋਂ ਅਜਨਬੀ ਬਣ ਜਾਂਦਾ ਹੈ। ਜਦੋਂ ਉਹ ਸੋਚਦਾ ਹੈ ਕਿ ਮਹੱਲ ਉਹ ਬਣਾਵੇ ਪਰ ਸੌਂਵੇਂ ਸੜਕਾਂ ਉੱਪਰ, ਉਤਪਾਦਨ ਦੇ ਅੰਬਾਰ ਉਹ ਲਾਵੇ ਪਰ ਉਸਨੂੰ ਖਾਣ ਜੋਗੀ ਰੋਟੀ ਵੀ ਨਸੀਬ ਨਾ ਹੋਵੇ ਤਾਂ ਉਸ ਅੰਦਰ ਵਿਜੋਗਤਾ ਦੀ ਸਥਿਤੀ ਉਤਪੰਨ ਹੋ ਜਾਂਦੀ ਹੈ।

### 3.3.7 ਕਰਾਂਤੀ (Revolution)

ਜਦੋਂ ਮਜਦੂਰ ਆਪਣੀ ਹੁੰਦੀ ਲੁੱਟ ਬਾਰੇ ਚੇਤੰਨ ਹੋ ਜਾਂਦਾ ਹੈ। ਜਦੋਂ ਸਰਮਾਏਦਾਰੀ ਸਮਾਜ ਵਿਚ ਆਰਥਿਕ ਮੰਦਵਾੜਾ ਆ ਜਾਂਦਾ ਹੈ ਤਾਂ ਮਜਦੂਰ ਵਰਗ ਆਪਣੇ ਆਪ ਨੂੰ ਇੱਕਠਾ ਕਰਕੇ ਸਰਮਾਏਦਾਰੀ ਨਿਜਾਮ ਦੇ ਖਿਲਾਫ ਹਥਿਆਰ ਚੁੱਕ ਲੈਂਦਾ ਹੈ ਜਿਸਦਾ ਨਤੀਜਾ ਇਕ ਕ੍ਰਾਂਤੀ ਵਿਚ ਨਿਕਲਦਾ ਹੈ, ਜਿਵੇਂ ਅਕਤੂਬਰ 1917 ਵਿਚ ਸੋਵੀਅਤ ਯੂਨੀਅਨ ਵਿਚ ਵਾਪਰਿਆ ਜਾਂ 1949 ਵਿੱਚ ਚੀਨ ਵਿਚ ਵਾਪਰਿਆ।

### 3.3.8 ਪਰੋਲੇਤਾਰੀਏਤ ਦੀ ਡਿਕਟੇਟਰਸ਼ਿਪ (Dictatorship of the proletariat)

ਮਜ਼ਦੂਰ ਸੰਘਰਸ਼ ਜਦੋਂ ਕ੍ਰਾਂਤੀ ਵਿੱਚ ਬਦਲ ਜਾਂਦਾ ਹੈ ਤਾਂ ਸਰਮਾਏਦਾਰੀ ਨਿਜ਼ਾਮ ਦਾ ਖਾਤਮਾ ਤੇ ਫਿਰ ਮਜ਼ਦੂਰ ਜਮਾਤ ਦੀ ਡਿਕਟੇਟਰਸ਼ਿਪ ਸਥਾਪਿਤ ਹੁੰਦੀ ਹੈ, ਭਾਵ ਰਾਜ ਦਾ ਡੰਡਾ ਪਰੋਲੇਤਾਰੀ ਦੇ ਹੱਥ ਵਿੱਚ ਆ ਜਾਂਦਾ ਹੈ। ਸਰਮਾਏਦਾਰਾਂ ਦੀ ਸਾਰੀ ਪੂੰਜੀ ਜਪਤ ਕਰ ਲਈ ਜਾਂਦੀ ਹੈ ਜੋ ਸਮਾਜਵਾਦੀ ਨਿਜ਼ਾਮ ਦੇ ਨਿਯਮ ਹੇਠ ਉਤਪਾਦਨ ਲਈ ਪ੍ਰਕ੍ਰਿਆਸ਼ੀਲ ਹੁੰਦੀ ਹੈ। ਇਸ ਨਿਜ਼ਾਮ ਹੇਠ ਜਮਾਤੀ ਪਾੜੇ ਨੂੰ ਘਟਾ ਕੇ ਖਤਮ ਕਰਨ ਦਾ ਯਤਨ ਕੀਤਾ ਜਾਂਦਾ ਹੈ ਨਿਜੀ ਸਰਮਾਏਦਾਰੀ ਦਾ ਸੰਕਲਪ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

### 3.3.9 ਸਮਾਜਵਾਦੀ ਸਮਾਜ (Communist society)

ਜਿਵੇਂ ਕਿ ਉੱਪਰ ਬਿਆਨ ਕੀਤਾ ਜਾ ਚੁਕਾ ਹੈ ਕਿ ਪਰੋਲੋਤਾਰੀ ਦੀ ਡਿਕਟੇਟਰਸ਼ਿਪ ਹੇਠ ਜਮਾਤੀ ਪਾੜਾ ਘਟਾ ਕੇ ਖ਼ਤਮ ਕੀਤਾ ਜਾਂਦਾ ਹੈ। ਨਿੱਜੀ ਜਾਇਦਾਦ ਦੀ ਹੋਂਦ ਖਤਮ ਕੀਤੀ ਜਾਂਦੀ ਹੈ। ਜਦੋਂ ਜਮਾਤਾਂ ਖਤਮ ਹੋ ਜਾਂਦੀਆਂ ਹਨ ਤਾਂ ਜਮਾਤੀ ਸੰਘਰਸ਼ ਵੀ ਖਤਮ ਹੋ ਜਾਂਦਾ ਹੈ। ਇਸ ਪ੍ਰਸਥਿਤੀ ਵਿੱਚ ਰਾਜ ਦੀ ਮਸ਼ੀਨਰੀ (ਫੌਜ, ਪੁਲਿਸ, ਅਤੇ ਅਦਾਲਤ ਆਦਿ) ਦੀ ਕੋਈ ਲੋੜ ਨਹੀਂ ਰਹਿੰਦੀ। ਰਾਜ ਦਾ ਖਾਤਮਾ ਹੋ ਜਾਂਦਾ ਹੈ। ਲੋਕ ਆਪਣੀ ਯੋਗਤਾ ਮੁਤਾਬਕ ਕੰਮ ਕਰਦੇ ਹਨ ਅਤੇ ਲੋੜਾਂ ਅਨੁਸਾਰ ਵਸਤੂਆਂ ਪ੍ਰਾਪਤ ਕਰਦੇ ਹਨ।

## 3.4 ਸਾਰ :

ਉਪਰੋਕਤ ਚਰਚਾ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਮਾਰਕਸ ਪਹਿਲਾ ਸਮਾਜਕ ਵਿਗਿਆਨੀ ਸੀ, ਜਿਸ ਨੇ ਇਹ ਸਿੱਧ ਕੀਤਾ ਕਿ ਸਮਾਜ ਦਾ ਵਿਕਾਸ ਵਰਗ ਸੰਘਰਸ਼ ਰਾਹੀਂ ਹੁੰਦਾ ਹੈ। ਮਾਰਕਸ ਨੇ ਵਰਗ ਸੰਘਰਸ਼ ਨੂੰ ਆਰਥਕ ਵਿਕਾਸ ਦੇ ਪੜਾਵਾਂ ਨਾਲ ਜੋੜਿਆ ਹੈ। ਉਸਦਾ ਮੰਨਣਾ ਹੈ ਕਿ ਸਮਾਜ ਦਾ ਇਤਿਹਾਸ ਜਮਾਤੀ ਸੰਘਰਸ਼ ਦਾ ਇਤਿਹਾਸ ਹੈ ਜੋ ਦੋ ਜਮਾਤਾਂ ਵਿਚ ਚਲਦਾ ਰਹਿੰਦਾ ਹੈ ਅਤੇ ਅੰਤਮ ਵਿਜੈ ਪ੍ਰੋਲੀਤਾਰੀਅਤ ਦੀ ਹੁੰਦੀ ਹੈ।

## 3.5 ਅਭਿਆਸ ਲਈ ਪ੍ਰਸ਼ਨ :

1. ਜਮਾਤੀ ਸੰਘਰਸ਼ ਤੋਂ ਤੁਹਾਡਾ ਕੀ ਭਾਵ ਹੈ? ਕਾਰਲ ਮਾਰਕਸ ਦੇ ਇਸ ਸੰਕਲਪ ਦੀ ਖੋਲ੍ਹ ਕੇ ਵਿਆਖਿਆ ਕਰੋ।
2. ਜਮਾਤੀ ਸੰਘਰਸ਼ ਨੂੰ ਬਿਆਨ ਕਰਦੇ ਹੋਏ ਇਸਦੇ ਮਹੱਤਵਪੂਰਨ ਤੱਤਾਂ ਤੇ ਰੌਸ਼ਨੀ ਪਾਓ।

**ਸੰਖੇਪ ਸਵਾਲ :**

(ੳ) ਵਾਧੂ ਮੁੱਲ

(ਅ) ਕਰਾਂਤੀ

(ੲ) ਵਿਯੋਗਤਾ

(ਸ) ਪ੍ਰੋਲੀਤਾਰੀਅਤ

(ਹ) ਬੁਰਜ਼ੂਆ

## 3.6 REFERENCES


1. Karl Marx : Capital. Vol.1, Progress Publishing House, Moscow, 1954.
2. V.I.Lenin : Marks Engles Marxism, Foreign Language Publishing, Mascow, 1951.
3. T. B. Bottomore : Marxist Socioloty, in the International Encyclopaedia of the Social Sciences, Macmillan Company, New York, 1968.
4. Karl Marx and Freidrich Engles : Selected works, 2 Vols Foreign Language Publishing House, Moscow,1962.
5. Raymond Aron : Main Currents in Sociological Thought, Doubleday, Garden City, 1970
6. Abrahim, Francis : Modern Socilogical Theory : An Introduction : Oxford University Press, Delhi :1992.
7. Abrahim Francist Morgan. John Henry : Sociological Thought from Comte to Sorokin, Macmillan India Limited, Delhi :1985
8. Nicholas Timasheff & George Theordorson : Sociological Theory, Random House, New York, 1976.
9. Gobinder Singh : Karl Marx : Published in Samaj Vigianik Sidhant (Special issue) ed.P.S.Jammu & G.S.Bhatnagar.
10. Paramjit Singh Judge : Samaj Vigianik Derishtikon Te Sidhant : Publication Bureau, Pbi.Uni.,Patiala.

**ਪਾਠ ਨੰ: 1.4** **ਲੇਖਕ ਡਾ.ਪਲਵਿੰਦਰ ਸਿੰਘ**

# ਕਾਰਲ ਮਾਰਕਸ
# (ਇਤਿਹਾਸਕ ਪਦਾਰਥਵਾਦ ਅਤੇ ਆਧਾਰ ਤੇ ਢਾਂਚਾ)

**ਬਣਤਰ**

4.0 ਉਦੇਸ਼
4.1 ਜਾਣ ਪਛਾਣ
4.2 ਇਤਿਹਾਸਕ ਪਦਾਰਥਵਾਦ
4.3 ਦਵੰਦਵਾਦ
4.4 ਮਾਰਕਸ ਦਾ ਹੀਗਲ ਦੇ ਵਿਚਾਰਾਂ ਨੂੰ ਰੱਦ ਕਰਨਾ
4.5 ਪਦਾਰਥਵਾਦ ਸਿਧਾਂਤ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ
4.6 ਆਧਾਰ ਅਤੇ ਢਾਂਚਾ
4.7 ਅਭਿਆਸ ਲਈ ਪ੍ਰਸ਼ਨ
4.8 ਉਪਯੋਗੀ ਸਮੱਗਰੀ

## 4.0 ਉਦੇਸ਼ :

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਯੋਗ ਹੋਵੋਗੇ ਕਿ :

- ਇਤਿਹਾਸਕ ਪਦਾਰਥਵਾਦੀ ਸਿਧਾਂਤ ਦੀ ਵਿਆਖਿਆ ਕਰ ਸਕੋਂ।
- ਦਵੰਦਵਾਦ ਨੂੰ ਬਿਆਨ ਕਰ ਸਕੋਂ।
- ਪਦਾਰਥਵਾਦੀ ਸਿਧਾਂਤ ਦੀਆਂ ਵਿਸ਼ੇਸ਼ਤਾਈਆਂ ਦੱਸ ਸਕੋਂ।
- ਆਧਾਰ ਅਤੇ ਢਾਂਚੇ ਦੇ ਸਿਧਾਂਤ ਦਾ ਵਰਣਨ ਕਰ ਸਕੋਂ।

## 4.1 ਜਾਣ-ਪਛਾਣ :

ਕਾਰਲ ਮਾਰਕਸ ਅਨੁਸਾਰ, ਜ਼ਿੰਦਗੀ ਦੀਆਂ ਪਦਾਰਥਕ ਹਾਲਤਾਂ, ਸਮਾਜਿਕ ਤਬਦੀਲੀ ਦੇ ਨਿਰਧਾਰਤ ਤੱਤ ਸਨ। ਉਸਨੇ ਇਤਿਹਾਸਕ ਪਦਾਰਥਵਾਦ ਵਿਚ ਇਹ ਜ਼ਿਕਰ ਕੀਤਾ ਕਿ ਸਮਾਜ ਅਲੱਗ ਅਲੱਗ ਪੜਾਵਾਂ ਵਿਚੋਂ ਲੰਘਦਾ ਹੈ ਅਤੇ ਹਰ ਸਮਾਜ ਦਾ ਆਪਣਾ ਸੰਸਥਾਤਮਿਕ ਪ੍ਰਬੰਧ ਰਿਹਾ ਹੈ। ਹਰ ਨਵਾਂ ਪ੍ਰਬੰਧ ਪੁਰਾਣੇ ਪ੍ਰਬੰਧ ਵਿੱਚ ਆਏ ਅੰਤਰ ਵਿਰੋਧਾਂ ਦਾ ਸਿੱਟਾ ਹੁੰਦਾ ਹੈ। ਉਤਪਾਦਨ ਦੇ ਢੰਗਾਂ ਅਤੇ ਵੰਡ ਦੇ ਢੰਗਾਂ ਵਿਚ ਤਬਦੀਲੀ ਆਉਂਦੀ ਹੈ। ਇਤਿਹਾਸ ਦਾ ਆਧਾਰ ਹੀ ਵਿਰੋਧ ਵਿਕਾਸ ਦਾ ਵਿਚਾਰ ਹੈ। ਅਸੰਗਤ ਸ਼ਕਤੀਆਂ (Contradictory forces) ਵਿਚ ਖਿਚਾਓ ਹਰ ਕਿਸਮ ਦੀ ਤਬਦੀਲੀ ਦਾ ਕਾਰਨ ਬਣਦਾ ਹੈ। ਵਿਰੋਧੀ ਵਿਕਾਸ ਲਹਿਰਾਂ ਵਿਰੋਧੀਆਂ ਦੇ ਸੰਘਰਸ਼ ਦੀਆਂ ਪ੍ਰਤੀਨਿਧ ਹੁੰਦੀਆਂ ਹਨ। ਇਹ ਤਬਦੀਲੀ, ਉੱਨਤੀ ਦੀ

ਉੱਚਤਮ ਸਤੱਰ ਤੇ ਸ਼ਕਤੀਆਂ ਦਾ ਇਕ ਨਵਾਂ ਸੈਟ ਤਿਆਰ ਕਰਦੀ ਹੈ।

ਮੁਖ ਵਿਸ਼ੇਸ਼ਤਾਈਆਂ ਜੋ ਸਮਾਜਿਕ ਤਬਦੀਲੀ ਦਾ ਕਾਰਨ ਬਣਦੀਆਂ ਹਨ, ਉਹ ਸਮਾਜ ਦੇ ਆਰਥਿਕ ਆਧਾਰ ਵਿਚ ਪਈਆਂ ਹੁੰਦੀਆਂ ਹਨ। ਆਰਥਿਕ ਆਧਾਰ ਵਿੱਚ ਪਈਆਂ ਵਿਰੋਧਤਾਈਆਂ, ਆਦਮੀ ਦੀ ਚੇ ਤਨਾ ਅਤੇ ਯਥਾਰਥਕ ਸੱਚਾਈ ਵਿਚਕਾਰ ਵਿਰੋਧਤਾਈਆਂ ਨਾਲੋਂ ਕਈ ਗੁਣਾਂ ਵੱਧ ਜਾਂਦੀਆਂ ਹਨ।ਉਤਪਾਦਨ ਦੀਆਂ ਸ਼ਕਤੀਆਂ ਦਾ ਉਸਾਰੂ ਵਿਕਾਸ ਅਤੇ ਆਦਮੀ ਦੇ ਕੁਦਰਤ ਤੇ ਨਿਯੰਤਰਣ ਵਿੱਚ ਹੌਲੀ ਹੌਲੀ ਵਾਧਾ, ਮਨੁੱਖੀ ਇਤਿਹਾਸ ਦੀ ਤਰੱਕੀ ਦੇ ਕਾਰਨ ਹਨ। ਇਸ ਦੇ ਨਾਲ ਆਦਮੀ ਵਿਚ ਬੇਗਾਨਗੀ, ਵਿਜੋਗਤਾ (alienation) ਦਾ ਵੀ ਵਾਧਾ ਹੋਇਆ ਹੈ ਕਿਉਂਕਿ ਜਿਉਂ ਜਿਉਂ ਸਰਮਾਏਦਾਰੀ ਦਾ ਸੋਸ਼ਣ ਵਧਦਾ ਜਾਂਦਾ ਹੈ, ਸਰਮਾਏਦਾਰ ਦੇ ਢਿੱਡ ਪਾਟਣ ਤੇ ਆ ਜਾਂਦੇ ਹਨ। ਦੂਸਰੇ ਪਾਸੇ ਮਜ਼ਦੂਰ ਜਮਾਤ ਦੇ ਢਿੱਡ ਭੁੱਖ ਤੇ ਮਜਬੂਰੀ ਕਾਰਨ ਨਾਲ ਲਗ ਜਾਂਦੇ ਹਨ।ਜਦੋਂ ਸਰਮਾਏਦਾਰੀ ਵਾਧੂ ਮੁਲ ਨੂੰ ਇਕੱਲਾ ਹੀ ਹੜਪ ਜਾਂਦਾ ਹੈ। (ਜਿਸ ਵਿਚ ਮਜਦੂਰ ਦਾ ਹਿੱਸਾ ਹੁੰਦਾ ਹੈ ਤਾਂ ਮਜ਼ਦੂਰਾਂ ਵਿਚ ਆਪਣੇ ਆਪ ਨਾਲੋਂ ਬੇਗਾਨਗੀ ਦਾ ਅਹਿਸਾਸ ਵੱਧਦਾ ਜਾਂਦਾ ਹੈ ਤਾਂ ਹੀ ਉਹ ਮੁਖ ਦੁਸ਼ਮਣ ਦੇ ਖਿਲਾਫ ਇਕੱਠੇ ਹੋ ਕੇ ਸੰਘਰਸ਼ ਕਰਦੇ ਸਨ) ਅਤੇ ਲੁੱਟ ਉੱਪਰ ਆਧਾਰਿਤ ਤਾਣੇ ਬਾਣੇ ਦਾ ਤੀਲਾ ਤੀਲਾ ਉੱਡਾ ਦਿੰਦੇ ਹਨ। ਫਿਰ ਉਹ ਜਮਾਤ ਰਹਿਤ ਅਤੇ ਲੁਟ ਰਹਿਤ ਸਮਾਜ ਦੀ ਉਸਾਰੀ ਕਰਦੇ ਹਨ, ਜਿਸ ਵਿਚ ਆਧਾਰ (Base) ਦੇ ਨਾਲ ਨਾਲ ਪੁਰਾਣੇ ਪ੍ਰਬੰਧ ਦੇ ਉਪਰਲੇ ਢਾਂਚੇ (Super Structure) ਨੂੰ ਪੂਰੇ ਰੂਪ ਵਿਚ ਬਦਲ ਦਿੱਤਾ ਜਾਂਦਾ ਹੈ।

## 4.2 ਇਤਿਹਾਸਕ ਪਦਾਰਥਵਾਦ :

ਇਸ ਤਬਦੀਲੀ ਨੂੰ ਕਾਰਲ ਮਾਰਕਸ ਨੇ ਹੇਠ ਲਿਖੇ ਤਰੀਕੇ ਨਾਲ ਦਰਸਾਇਆ ਕਿ ਸਮਾਜ ਵਿੱਚ ਕਿਸ ਯੁੱਗ ਵਿਚ ਕਿੰਨਾ ਕਿੰਨਾ ਜਮਾਤਾਂ ਵਿਚ ਸੰਘਰਸ਼ ਰਿਹਾ ਹੈ।

| | ਪੜਾਅ ਤੇ ਤਬਦੀਲੀ | ਜਮਾਤਾਂ |
|---|---|---|
| 1. | ਪਹਿਲਾ ਸਾਮਵਾਦ | ਜਮਾਤ ਰਹਿਤ ਸਮਾਜ |
| 2. | ਗੁਲਾਮਦਾਰੀ ਯੁੱਗ | ਮਾਸਟਰ ਅਤੇ ਗੁਲਾਮ |
| 3. | ਜਗੀਰਦਾਰੀ ਯੁੱਗ | ਭੂਮੀਪਤੀ ਅਤੇ ਮੁਜਾਰੇ |
| 4. | ਸਰਮਾਏਦਾਰੀ | ਬੁਰਜੁਆਜੀ ਅਤੇ ਪਰੋਲੋਤਾਰੀਏਤ |
| 5. | ਸਮਾਜਵਾਦ | ਜਮਾਤਾਂ ਦੀ ਹੋਂਦ ਪਰ ਖਾਤਮੇ ਵੱਲ ਪ੍ਰਕ੍ਰਿਆ |
| 6. | ਸਾਮਵਾਦ | ਜਮਾਤਾਂ ਰਹਿਤ ਸਮਾਜ |

ਸਮਾਜ ਵਿੱਚ ਆਰਥਿਕ ਪਹਿਲੂ ਬਹੁਤ ਮਹੱਤਵਪੂਰਨ ਹੁੰਦਾ ਹੈ। ਜ਼ਿੰਦਗੀ ਦੇ ਸਾਰੇ ਸਮਾਜਿਕ ਖੇਤਰ ਇਸ ਦੁਆਰਾ ਪ੍ਰਭਾਵਿਤ ਹੁੰਦੇ ਹਨ। ਇਸ ਸਿਧਾਂਤ ਅਨੁਸਾਰ ਹਰ ਪ੍ਰਬੰਧ ਵਿਚ ਆਪਣੀ ਬਰਬਾਦੀ ਦੇ ਬੀਜ ਹੁੰਦੇ ਹਨ। ਉਹ ਹਥਿਆਰ ਜਿਸ ਦੀ ਵਰਤੋਂ ਕਰਕੇ ਸਰਮਾਏਦਾਰੀ ਨੇ ਜਗੀਰਦਾਰੀ ਪ੍ਰਬੰਧ ਦਾ ਖਾਤਮਾ ਕੀਤਾ ਉਹ ਹੀ ਹਥਿਆਰ ਮਜਦੂਰਾਂ ਦੁਆਰਾ ਸਰਮਾਏਦਾਰੀ ਖਿਲਾਫ ਵਰਤਿਆ ਜਾਵੇਗਾ ਅਤੇ ਸਰਮਾਏ ਦਾਰੀ ਪ੍ਰਬੰਧ ਨੂੰ ਖਤਮ ਕਰਕੇ (ਸਮਾਜਵਾਦ) ਨਵਾਂ ਪ੍ਰਬੰਧ ਹੋਂਦ ਵਿਚ ਆਵੇਗਾ ਜਿਸ ਵਿੱਚ ਮਜ਼ਦੂਰਾਂ ਦੀ ਤਾਨਾਸ਼ਾਹੀ (Dictatorship of the proletariat) ਹੋਵੇਗੀ। ਜਦੋਂ ਇਹ ਪ੍ਰਬੰਧ ਪੂਰੀ ਤਰ੍ਹਾਂ ਸਥਾਪਤ ਹੋ ਗਿਆ ਤਾਂ ਮਜ਼ਦੂਰਾਂ ਦੀ ਤਾਨਾਸ਼ਾਹੀ ਵੀ ਖਤਮ ਹੋ ਜਾਵੇਗੀ।

ਕਈ ਆਲੋਚਕ ਇਸ ਸਿਧਾਂਤ ਦੀ ਇਸ ਕਰਕੇ ਆਲੋਚਨਾ ਕਰਦੇ ਹਨ ਕਿ ਸਿਰਫ ਆਰਥਿਕ ਪੱਖ ਹੀ ਤਬਦੀਲੀ ਨੂੰ ਨਿਰਧਾਰਿਤ ਨਹੀਂ ਕਰਦਾ ਸਗੋਂ ਹੋਰ ਤੱਤ ਵੀ ਹੁੰਦੇ ਹਨ ਜਿਵੇਂ ਵੈਬਰ (Weber) ਨੇ ਪ੍ਰੋਟੈਸਟੈਟ ਨੈਤਿਕ ਨਿਯਮ (ethics) ਨੂੰ ਤਬਦੀਲੀ ਸੰਚਾਲਕਾਂ ਵਿੱਚੋਂ ਮੁਖ ਸੰਚਾਲਕ ਮੰਨਿਆ। ਇਸ ਗੱਲ ਦਾ ਵੀ ਕੋਈ ਵਿਗਿਆਨਕ ਸਬੂਤ ਨਹੀਂ ਕਿ ਸਮਾਜ ਇਹਨਾਂ ਪੜਾਵਾਂ ਵਿਚੋਂ ਲੰਘ ਰਿਹਾ ਹੈ। ਮਾਰਕਸ ਦਾ

ਸਮਾਜਵਾਦ ਦਾ ਸੰਕਲਪ ਸਿਰਫ ਆਦਰਸ਼ਵਾਦ ਹੀ ਹੈ। ਉਸਨੇ ਇਹ ਵੀ ਨਹੀਂ ਦੱਸਿਆ ਕਿ ਉਤਪਾਦਨ ਦੇ ਢੰਗਾਂ ਵਿਚ ਤਬਦੀਲੀ ਕਿਵੇਂ ਵਾਪਰਦੀ ਹੈ। ਪਰ ਇਨ੍ਹਾਂ ਆਲੋਚਨਾਵਾਂ ਦੇ ਬਾਵਜੂਦ ਵੀ ਕਾਰਲ ਮਾਰਕਸ ਦੇ ਸਿਧਾਂਤ ਦੀ ਸੰਸਾਰ ਦੇ ਲੋਕਾਂ ਨੂੰ ਬਹੁਤ ਵੱਡੀ ਦੇਣ ਹੈ।

ਕਾਰਲ ਮਾਰਕਸ ਹੀਗਲ ਦੇ ਆਦਰਸ਼ਵਾਦੀ ਵਿਚਾਰਾਂ ਨਾਲ ਸਹਿਮਤ ਨਹੀਂ ਸੀ। ਇਸ ਵਿੱਚ ਕੋਈ ਸੱਕ ਨਹੀਂ ਕਿ ਮਾਰਕਸ ਪਹਿਲੇ ਪਹਿਲ ਹੀਗਲ ਦੇ ਵਿਚਾਰਾਂ ਤੋਂ ਕਾਫੀ ਪ੍ਰਭਾਵਿਤ ਹੋਇਆ ਸੀ। ਪਰ ਬਾਅਦ ਵਿਚ ਕਾਰਲ ਮਾਰਕਸ ਨੇ ਆਪਣੇ ਆਪ ਨੂੰ ਹੀਗਲੀਅਨ ਆਦਰਸ਼ਵਾਦ ਨਾਲੋਂ ਦ੍ਰਿੜਤਾ ਨਾਲ ਤੋੜ ਲਿਆ ਸੀ ਤੇ ਪਦਾਰਥਵਾਦ ਦਾ ਐਲਾਨ ਕਰ ਦਿੱਤਾ ਕਿਉਂਕਿ ਉਸ ਸਮੇਂ ਪਦਾਰਥਵਾਦ, ਖਾਸ ਕਰ ਫਰਾਂਸ ਵਿਚ ਪ੍ਰਚਲਤ ਰਾਜਸੀ ਸੰਸਥਾਵਾਂ ਵਿਰੁੱਧ ਧਾਰਮਿਕ ਸੰਸਥਾਵਾਂ ਵਿਰੁੱਧ ਭਾਵ ਸਮੁੱਚੇ ਅਧਿਆਤਮਵਾਦ ਨਾਲ ਟੱਕਰ ਲੈ ਰਿਹਾ ਸੀ। ਆਦਰਸ਼ਵਾਦ ਤੋਂ ਪਦਾਰਥਵਾਦ ਵੱਲ ਮੁੜਦੇ ਹੋਏ ਕਾਰਲ ਮਾਰਕਸ ਵਿਰੋਧ ਵਿਕਾਸ ਦੀ ਵਰਤੋਂ ਕਰਨ ਦੇ ਯੋਗ ਹੋ ਗਿਆ ਸੀ ਜਿਸ ਨੂੰ ਬਾਅਦ ਵਿਚ ''ਦੁਵੰਦਵਾਦ ਪਦਾਰਥਵਾਦ'' ਜਾਂ ''ਇਤਿਹਾਸਕ ਪਦਾਰਥਵਾਦ'' (Historical materialism) ਕਿਹਾ ਗਿਆ। ਹੀਗਲ ਇਕ ਆਦਰਸ਼ਵਾਦੀ ਸੀ ਜੋ ਮਨ (Mind) ਦੀ ਪ੍ਰਮੁੱਖਤਾ ਨੂੰ ਮੰਨਦਾ ਸੀ ਜਦੋਂ ਕਿ ਕਾਰਲ ਮਾਰਕਸ ਪਦਾਰਥ (Matter) ਦੀ ਪ੍ਰਮੁਖਤਾ ਨੂੰ ਮੰਨਦਾ ਸੀ। ਮਾਰਕਸ ਸਮਝਦਾ ਸੀ ਕਿ ਪਦਾਰਥ ਮਨ ਦੀ ਉਪਜ ਨਹੀਂ ਸਗੋਂ ਇਸ ਦੇ ਉਲਟ ਮਨ ਪਦਾਰਥ ਦੀ ਉਪਜ ਹੈ। ਇਹ ਸਮਾਜਿਕ ਚੇਤਨਤਾ ਨਹੀਂ ਜੋ ਹੋਂਦ ਨੂੰ ਜਨਮ ਦਿੰਦੀ ਹੈ, ਸਗੋਂ ਹੋਂਦ ਹੀ ਮਨੁੱਖੀ ਚੇਤਨਤਾ ਨੂੰ ਜਨਮ ਦਿੰਦੀ ਹੈ। ਉਦਾਹਰਣ ਵਜੋਂ ਜੇ ਅਸੀਂ ਇਕ ਕਮਰੇ ਵਿਚ ਇਕ ਮੇਜ ਰੱਖ ਦੇਈਏ ਅਤੇ ਇਕ ਅੰਨ੍ਹੇ ਪੁਰਸ਼ ਨੂੰ ਕਿਹਾ ਜਾਵੇ ਕਿ ਦਸੋ ਇਸ ਕਮਰੇ ਵਿੱਚ ਕੀ ਹੈ। ਕੀ ਉਸ ਨੂੰ ਕਮਰੇ ਵਿਚ ਵੜਦੇ ਹੀ ਦਿਮਾਗ ਵਿਚ ਆਵੇਗਾ ਕਿ ਇਸ ਕਮਰੇ ਵਿਚ ਮੇਜ ਹੈ ਜਾਂ ਉਹ ਕਮਰੇ ਵਿੱਚ ਦਾਖਿਲ ਹੋ ਕੇ ਹੱਥਾਂ ਨਾਲ ਟਟੋਲੇਗਾ ਤੇ ਜੇ ਉਹ ਮੇਜ਼ ਨੂੰ ਛੂਹ ਲਵੇਗਾ ਤੇ ਫਿਰ ਹੱਥ ਫੇਰ ਉਸ ਦੀਆਂ ਚਾਰ ਲੱਤਾਂ ਦਾ ਪਤਾ ਲਗਾਵੇਗਾ, ਉਸ ਦੇ ਉਪਰਲੇ ਹਿੱਸੇ ਦਾ ਪਤਾ ਲਗਾਵੇਗਾ ਤਾਂ ਫਿਰ ਉਸ ਦੇ ਦਿਮਾਗ ਵਿਚ ਮੇਜ਼ ਦਾ ਨਕਸ਼ਾ ਬਣੇਗਾ। ਇਸ ਉਦਾਹਰਣ ਤੋਂ ਸਮਾਜਿਕ ਚੇਤਨਤਾ ਜਾਂ ਹੋਂਦ ਦੀ ਪ੍ਰਮੁੱਖਤਾ ਦਾ ਪਤਾ ਚੱਲਦਾ ਹੈ। ਇਸ ਕਰਕੇ ਮਾਰਕਸ ਨੇ ਕਿਹਾ ''ਹੀਗਲ ਲਈ....ਸੋਚਣ ਦਾ ਅਮਲ, ਜਿਹਨੂੰ ਉਹ 'ਵਿਚਾਰ' ਦਾ ਨਾਂ ਦੇ ਕੇ ਇਕ ਸੁਤੰਤਰ ਵਿਸ਼ਾ ਤੱਕ ਬਣਾ ਦਿਦਾ ਹੈ, ਯਥਾਰਥਕ ਸੰਸਾਰ ਦਾ ਦੇਮੀਉਰਗੇਸ (ਕਰਤਾਰ ਰਚਣਹਾਰਾ), ਹੈ......ਇਹਦੇ ਉਲਟ, ਮੇਰੇ ਸਾਹਵੇਂ, ਆਦਰਸ਼ ਮਨੁੱਖੀ ਮਨਦੇ ਪ੍ਰਤੀਬਿੰਬ ਦੇ ਵਿਚਾਰਦੇ ਰੂਪਾਂ ਵਿਚ ਉਲਥਾਏ ਪਦਾਰਥਕ ਸੰਸਾਰ ਤੋਂ ਬਿਨ੍ਹਾਂ ਹੋਰ ਕੁਝ ਨਹੀਂ। (ਪੂੰਜੀ'', ਸੈਚੀ ਪਹਿਲੀ, ਦੂਜੇ ਐਡੀਸ਼ਨ ਦੀ ਅੰਤਿਕਾ) ਕਾਰਲ ਮਾਰਕਸ ਦੇ ਪਦਾਰਥਵਾਦ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਫਰੈਡਰਿਕ ਏਂਗਲਜ਼ ਨੇ ''ਐਟੀ ਡੂਹਰਿੰਗ'' ਵਿਚ ਲਿਖਿਆ ''ਸੰਸਾਰ ਦੀ ਇਕੱਤਰਤਾ ਉਹਦੀ ਹੋਂਦ ਵਿਚ ਗੁੱਝੀ ਨਹੀਂ...ਪਰ, ਇਹ ਉਹਦੀ ਪਾਦਰਥਕਤਾ ਵਿਚ ਹੈ ਤੇ ਇਹ ਸਿੱਧ ਹੁੰਦੀ ਹੈ.....ਦਰਸ਼ਨ ਤੇ ਪ੍ਰਕ੍ਰਿਤਕ ਵਿਗਿਆਨਾਂ ਦੇ ਲੰਮੇ ਤੇ ਔਖੇ ਵਿਕਾਸ ਤੋਂ... ਗਤੀ ਪਦਾਰਥ ਤੋਂ ਬਿਨਾਂ ਗਤੀ ਨਹੀਂ ਹੋਈ, ਨਾ ਹੀ ਹੋ ਸਕਦੀ ਹੈ......ਪਰ ਜੇ......ਇਹ ਸਵਾਲ ਚੁਕਿਆ ਜਾਂਦਾ ਹੈ ਤਾਂ ਫੇਰ ਸੋਚ ਤੇ ਸੂਝ ਕੀ ਹੈ ਤੇ ਉਹ ਕਿਥੋਂ ਆਉਂਦੇ ਹਨ, ਪ੍ਰਤੱਖ ਦਿਮਾਗ ਦੀਆਂ ਉਪਜਾਂ, ਜੋ ਅੰਤਮ ਨਿਰਣੇ ਅਨੁਸਾਰ ਪ੍ਰਕ੍ਰਿਤੀ ਦੀਆਂ ਹੀ ਉਪਜਾਂ ਹਨ, ਬਾਕੀ ਦੀ ਪ੍ਰਕਿਰਤੀ ਨੂੰ ਉਲੰਘਦੀਆਂ ਨਹੀਂ ਸਗੋਂ ਉਹ ਦੇ ਅਨੁਕੂਲ ਹਨ।''

## 4.3 ਦਵੰਦਵਾਦ :

ਦਵੰਦਾਤਮਕ (Dialectics) ਬਾਰੇ ਕਾਰਲ ਮਾਰਕਸ ਦੇ ਵਿਚਾਰ ਹਨ ਕਿ ਸਮਾਜ ਵਿਚ ਹਰ ਇਕ ਵਿਚਾਰਧਾਰਾ (Ideology) ਚਲਦੀ ਰਹਿੰਦੀ ਹੈ, ਜਿਵੇਂ ਪੂੰਜੀ ਮਜ਼ਦੂਰਾਂ ਦਾ ਸੋਸ਼ਣ ਕਰਦੀ ਹੈ, ਇਸ ਤਰ੍ਹਾਂ ਪੂੰਜੀ ਦੇ ਉਲਟ ਵਿਚਾਰਧਾਰਾ ਚਲਦੀ ਹੈ। ਉਹਨਾਂ ਦੇ ਵਿਕਾਸ ਦੀ ਇਕ ਨਿਸ਼ਚਿਤ ਸਟੇਜ ਤੇ ਸਮਾਜ ਦੀਆਂ ਪਦਾਰਥਕ ਉਤਪਾਦਿਕ ਸ਼ਕਤੀਆਂ (Material Productive forces) ਹੋਂਦ ਵਿਚ ਉਤਪਾਦਿਕ

ਰਿਸ਼ਤਿਆਂ (Production relation) ਨਾਲ ਵਿਰੋਧ ਵਿਚ ਆਉਂਦੀਆਂ ਹਨ। ਇਹ ਵਿਰੋਧ ਸਮਾਜਿਕ ਕਰਾਂਤੀ ਦਾ ਕਾਰਣ ਬਣਦੇ ਹਨ। ਪਹਿਲੇ ਸਮਾਜਵਾਦ ਵਿਚ ਜਦੋਂ ਨਿੱਜੀ ਜਾਇਦਾਦ ਦਾ ਸੰਕਲਪ ਨਹੀਂ ਸੀ ਤਾਂ ਲੋਕ ਇਕੱਠੇ ਹੋ ਕੇ ਰਹਿੰਦੇ, ਸ਼ਿਕਾਰ ਕਰਕੇ ਲਿਆਉਂਦੇ ਅਤੇ ਵੰਡ ਕੇ ਖਾ ਲੈਂਦੇ। ਉਸ ਸਮੇਂ ਉਤਪਾਦਨ ਦੇ ਸਾਧਨ ਸਮਾਜ ਦੇ ਕੰਟਰੋਲ ਹੇਠਾਂ ਸਨ। ਉਦੋਂ ਨਾ ਕੋਈ ਰਾਜ ਸੀ, ਨਾ ਰਾਜ ਦੀ ਕੋਈ ਹੋਰ ਸੰਸਥਾ ਪਰ ਮਨੁੱਖੀ ਦਰ ਵੱਧਣ ਨਾਲ ਉਸ ਦੀ ਚੇਤਨਾ ਨੇ ਵਿਕਾਸ ਕੀਤਾ ਤੇ ਉਸ ਨੇ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਨਵੇਂ ਉਤਪਾਦਨ ਦੇ ਸਾਧਨਾਂ ਦਾ ਵਿਕਾਸ ਕੀਤਾ। ਖੇਤੀਬਾੜੀ ਪਹਿਲਾਂ ਪੱਥਰ ਦੇ ਬਣੇ ਸੰਦਾਂ ਨਾਲ ਕੀਤੀ ਗਈ ਫਿਰ ਲੱਕੜ ਤੇ ਹੱਲਾਂ ਨਾਲ।ਪਸ਼ੂ ਪਾਲਣ ਦੀ ਰੁਚੀ ਸ਼ੁਰੂ ਹੋਈ। ਇਸ ਤਰ੍ਹਾਂ ਗੁਲਾਮਦਾਰੀ ਦਾ ਯੁੱਗ ਸ਼ੁਰੂ ਹੋਇਆ। ਉਤਪਾਦਨ ਦੇ ਸਾਧਨ ਮਾਸਟਰਾਂ ਦੇ ਹੱਥ ਵਿਚ ਸਨ, ਗੁਲਾਮਾਂ ਦਾ ਉਤਪਾਦਨ ਦੇ ਸਾਧਨਾਂ ਤੇ ਉਤਪਾਦਨ ਨਾਲ ਕੋਈ ਰਿਸ਼ਤਾ ਨਹੀਂ ਸੀ। ਗੁਲਾਮ ਸਾਰਾ ਦਿਨ ਆਪਣੇ ਮਾਸਟਰਾਂ ਲਈ ਕੰਮ ਕਰਦੇ। ਉਹਨਾਂ ਨੂੰ ਰੁੱਖਾਂ ਨਾਲ ਬੰਨ੍ਹ ਕੇ ਮਾਰਿਆ ਜਾਂਦਾ ਤੇ ਜਿਉਂਦੇ ਰੱਖਣ ਲਈ ਉਨ੍ਹਾਂ ਨੂੰ ਖਾਣ ਲਈ ਦਿੱਤਾ ਜਾਂਦਾ ਸੀ ਕਿਉਂਕਿ ਮਾਸਟਰਾਂ ਲਈ ਉਹਨਾਂ ਨੂੰ ਜੀਉਂਦੇ ਰੱਖਣਾ ਵੀ ਜਰੂਰੀ ਸੀ।ਫਿਰ ਹੌਲੀ ਹੌਲੀ ਖੇਤੀਬਾੜੀ ਦੇ ਢੰਗ ਇਜ਼ਾਦ ਹੋਏ ਇਸ ਤਰ੍ਹਾਂ ਜ਼ਮੀਨ ਕੁਝ ਲੋਕਾਂ ਦੇ ਹੱਥਾਂ ਵਿਚ ਆ ਗਈ।ਉਤਪਾਦਨ ਦੀ ਪ੍ਰਕ੍ਰਿਆ ਵਿਚ ਪ੍ਰਮੁੱਖ ਸ਼ਕਤੀ ਮਜ਼ਦੂਰ ਹੁੰਦੇ ਹਨ, ਜਿਨ੍ਹਾਂ ਨੂੰ ਮਾਰਕਸ ਨੇ ਪ੍ਰੋਲੇ ਤਾਰੀਅਤ ਕਿਹਾ। ਪੂੰਜੀਪਤੀਆਂ ਨੂੰ ਮਾਰਕਸ ਨੇ ਬੁਰਜੂਆ ਕਿਹਾ। ਪ੍ਰੋਲੇਤਾਰੀਅਤ ਆਪਣੀ ਸਰੀਰਕ ਤੇ ਮਾਨਸਿਕ ਕਿਰਤ ਨੂੰ ਹੋਰ ਜਿਣਸਾਂ ਵਾਂਗ ਮੰਡੀ ਵਿਚ ਵੇਚਦੇ ਹਨ। ਬਦਲੇ ਵਿਚ ਉਹਨਾਂ ਨੂੰ ਜੀਵਨ ਨਿਰਬਾਹ ਲਈ ਮਜਦੂਰੀ ਦਿੱਤੀ ਜਾਂਦੀ ਹੈ ਬਾਕੀ ਸਾਰਾ ਲਾਭ ਪੂੰਜੀਪਤੀ ਹੜਪ ਜਾਂਦਾ ਹੈ। ਹੌਲੀ ਹੌਲੀ ਮਜ਼ਦੂਰ ਪਹਿਲਾਂ ਆਪਣੇ ਆਪ ਨੂੰ ਉਤਪਾਦਨ ਪ੍ਰਕ੍ਰਿਆ ਨਾਲੋਂ ਫਿਰ ਆਪਣੇ ਆਪ ਨਾਲੋਂ ਟੁੱਟਿਆਂ-ਟੁੱਟਿਆਂ ਮਹਿਸੂਸ ਕਰਦਾ ਹੈ। ਇਸ ਤਰ੍ਹਾਂ ਉਹਨਾਂ ਨੂੰ ਪੂੰਜੀਪਤੀ ਵੱਲੋ ਕੀਤੀ ਲੁੱਟ ਦਾ ਅਹਿਸਾਸ ਹੁੰਦਾ ਹੈ ਤੇ ਉਹ ਇਕੱਠੇ ਸੰਘਰਸ਼ ਛੇੜ ਲੈਂਦੇ ਹਨ।ਸਰਮਾਏਦਾਰੀ ਪ੍ਰਬੰਧ ਨੂੰ ਉਲਟਾਉਣ ਤੋਂ ਬਾਅਦ ਇਕ ਨਵਾਂ ਨਿਜ਼ਾਮ ਹੋਂਦ ਵਿਚ ਆਉਂਦਾ ਹੈ ਜਿਸ ਨੂੰ ਮਾਰਕਸ ਨੇ ਸਮਾਜਵਾਦ ਕਿਹਾ ਹੈ ਜਿਸ ਦੀ ਸੱਤਾ ਮਜ਼ਦੂਰਾਂ ਦੇ ਹੱਥ ਵਿੱਚ ਹੁੰਦੀ ਹੈ। ਉਤਪਾਦਨ ਦੇ ਸਾਧਨਾਂ ਤੇ ਪੂਰੇ ਸਮਾਜ ਦਾ ਨਿਯਤਰੰਣ ਹੁੰਦਾ ਹੈ।

ਪਦਾਰਥਵਾਦੀ ਸਿਧਾਂਤ ਅਨੁਸਾਰ ਦੁਨੀਆਂ ਦੀ ਹਰ ਵਸਤੂ ਦਾ ਸਰੂਪ ਪਦਾਰਥਕ ਹੈ ਅਤੇ ਇਹ ਨਿਯਮਬੱਧ ਵਿਕਾਸ ਵੱਲ ਹੈ।ਦੁਨੀਆਂ ਦੀ ਹਰ ਚੀਜ਼ ਪਰਿਵਰਤਨਸ਼ੀਲ ਹੈ, ਬਦਲਣਸ਼ੀਲ ਹੈ, ਸਥਿਰ ਨਹੀਂ। ਇਹ ਪਰਿਵਰਤਨ ਵਸਤੂ ਦੀਆਂ ਅੰਦਰਲੀਆਂ ਵਿਰੋਧਤਾਈਆਂ ਕਰਕੇ ਹੇਠਲੇ ਪੜਾਅ ਤੋਂ ਉਪਰਲੇ ਪੜਾਅ ਵੱਲ ਹੁੰਦਾ ਹੈ। ਇਹ ਤਬਦੀਲੀ ਕ੍ਰਾਂਤੀਮਈ ਢੰਗ ਨਾਲ ਸਾਧਾਰਨ ਤੋਂ ਜਟਿਲ ਅਵੱਸਥਾ ਵੱਲ ਹੁੰਦੀ ਹੈ। ਇਹ ਪਦਾਰਥ ਦੇ ਵਿਕਾਸ ਦੀ ਕੋਈ ਕਲਪਨਾ ਮਾਤਰ ਵਿਆਖਿਆ ਨਹੀਂ ਸਗੋਂ ਇਸ ਦੀ ਇਕ ਯਥਾਰਥਕ ਤਸਵੀਰ ਜਾਂ ਰੇਖਾ ਚਿੱਤਰ ਖਿਚਦਾ ਹੈ।

## 4.4 ਮਾਰਕਸ ਦਾ ਹੀਗਲ ਦੇ ਵਿਚਾਰਾਂ ਨੂੰ ਰੱਦ ਕਰਨਾ :

ਕਾਰਲ ਮਾਰਕਸ ਨੇ ਹੀਗਲ ਦੇ ਆਦਰਸ਼ਵਾਦ ਨੂੰ ਹੀ ਨਹੀਂ ਸਗੋਂ ਹਿਊਮ ਤੇ ਕਾਂਤ ਦੇ ਵਿਚਾਰਾਂ ਨੂੰ ਅਨਾਸਤਕਵਾਦ, ਪੜਚੋਲਵਾਦ ਤੇ ਨਿਹਚੇਵਾਦ ਨੂੰ ਵੀ ਫੈਸਲਾਕੁੰਨ ਢੰਗ ਨਾਲ ਰੱਦ ਕੀਤਾ।

ਕਾਰਲ ਮਾਰਕਸ ਅਤੇ ਉਸ ਦੇ ਜੋੜੀਦਾਰ ਏਂਗਲਜ਼ ਤਾਂ ਫਿਊਰਬਾਖ ਦੇ ਪੁਰਾਣੇ ਪਦਾਰਥਵਾਦ ਨਾਲ ਵੀ ਸਹਿਮਤ ਨਹੀਂ ਸਨ ਕਿਉਂਕਿ ਉਨ੍ਹਾਂ ਅਨੁਸਾਰ ਇਹ ਪਦਾਰਥਵਾਦ ਅ-ਇਤਿਹਾਸਕ (a-historical) ਅ-ਵਿਰੋਧੀ ਵਿਕਾਸੀ (ਵਿਰੋਧੀ-ਵਿਕਾਸ-ਵਿਰੋਧੀ ਤੇ ਭਾਵ ਵਿਚ ਅਧਿਆਤਮਵਾਦੀ) ਸੀ ਤੇ ਵਿਕਾਸ ਦੇ ਦ੍ਰਿਸ਼ਟੀਕੋਣਾਂ ਉਤੇ ਇਕਸਾਰਤਾ ਤੇ ਸਰਵ-ਪੱਖਤਾ ਨਾਲ ਪਾਬੰਦ ਨਹੀਂ ਸੀ ਰਹਿੰਦਾ। ਇਸ ਤੋ ਇਲਾਵਾ ਇਹ ਮਨੁੱਖੀ ਤੱਤ ਨੂੰ ਸਭਨਾਂ ਸਮਾਜਿਕ ਸੰਬੰਧਾਂ ਤੇ ਸਮੂਹ ਦੇ ਰੂਪ ਵਿਚ ਨਹੀਂ, ਕਾਲਪਨਿਕ ਢੰਗ ਅਨੁਸਾਰ ਸਮਝਦਾ ਸੀ, ਤੇ ਇਸ ਲਈ ਦੁਨੀਆਂ ਦਾ ਸਿਰਫ ਭਾਵ ਹੀ ਕੱਢਦਾ ਸੀ, ਜਦੋਂ ਕਿ ਗੱਲ ਉਸ

ਨੂੰ ਬਦਲਣ ਦੀ ਹੈ, ਭਾਵ ਇਹ ਇਨਕਲਾਬੀ, ਅਮਲ ਸਰਗਰਮੀ ਦੀ ਮਹੱਤਤਾ ਨਹੀਂ ਸੀ ਸਮਝਦਾ। ਕਾਰਲ ਮਾਰਕਸ ਨੇ ਜਿਥੇ ਹੀਗਲ ਦੇ ਸਿਧਾਂਤ ਦੀ ਆਲੋਚਨਾ ਕੀਤੀ ਉਥੇ ਉਸ ਨੇ ਚੰਗੇ ਪੱਖਾਂ ਨੂੰ ਸਰਾਹਿਆ ਵੀ। ਸਿਰਫ ਸਰਾਹਿਆ ਹੀ ਨਹੀਂ ਸਗੋਂ ਪਦਾਰਥਵਾਦੀ ਸਿਧਾਂਤ ਦਾ ਆਧਾਰ ਬਣਾਇਆ ਜਿਵੇ ਂਵਿਰੋਧਮਈ ਤੱਤਾਂ ਦੀ ਏਕਤਾ ਤੇ ਸੰਘਰਸ਼ ਦਾ ਨਿਯਮ, ਮਾਤਰਿਕ ਤਬਦੀਲੀ ਤੋਂ ਗੁਣਾਤਮਕ ਤਬਦੀਲੀ ਵਿਚ ਪਲਟਣ ਦਾ ਨਿਯਮ ਅਤੇ ਨਾਂਹਵਾਚਕ ਦੀ ਨਿਖੇਧੀ ਦਾ ਨਿਯਮ। ਇਹਨਾਂ ਨਿਯਮਾਂ ਦੀ ਵਿਆਖਿਆ ਕਰਦਿਆਂ ਏੈਂਗਲਜ਼ ਨੇ ਆਪਣੀ ਕਿਤਾਬ ''ਡਾਇਆਲੈਕਟਿਕਸ ਆਫ ਨੇਚਰ'' ਵਿਚ ਲਿਖਿਆ,''ਇਹ ਮਹਾਨ ਮੂਲ ਵਿਚਾਰ ਕਿ ਸੰਸਾਰ ਨੂੰ ਤਿਆਰ ਵਸਤਾਂ ਦੇ ਇਕ ਸਮੂੰਹ ਦੇ ਰੂਪ ਵਿਚ ਨਹੀਂ ਅਮਲਾਂ ਦੇ ਸਮੂਹ ਦੇ ਰੂਪ ਵਿਚ ਸਮਝਿਆ ਜਾਣਾ ਚਾਹੀਦਾ ਹੈ, ਜਿਸ ਵਿਚ ਵਸਤਾਂ ਸਾਡੇ ਦਿਮਾਗ ਵਿਚ ਉਹਨਾਂ ਦੇ ਚਿੰਨਾਤਮਕ ਪ੍ਰਤੀਬਿੰਬਾਂ ਤੋਂ ਘੱਟ ਅਟੱਲ ਨਹੀਂ, ਸੰਕਲਪ ਹੋਂਦ ਵਿਚ ਆਉਣ ਤੇ ਉਹ ਹੋਂਦ ਦੇ ਵਿਚ ਜਾਣ ਦੀ ਨਿਰੰਤਰ ਤਬਦੀਲੀ ਵਿਚੋਂ ਲੰਘਦੇ ਹਨ.... ਇਹ ਮਹਾਨ ਮੂਲ ਵਿਚਾਰ, ਵਿਸ਼ੇਸ਼ ਕਰਕੇ ਹੀਗਲ ਦੇ ਸਮੇਂ ਤੋਂ ਸਾਧਾਰਨ ਸੂਝ ਵਿਚ ਇੰਜ ਸੰਪੂਰਨ ਰੂਪ ਵਿਚ ਰਚ ਗਿਆ ਕਿ ਆਪਣੇ ਅਧਿਆਏ ਰੂਪ ਵਿਚ ਇਹਨੂੰ ਕਦੀ ਘੱਟ ਹੀ ਰੱਦ ਕੀਤਾ ਜਾਂਦਾ ਹੈ। ਪਰ ਇਸ ਮੂਲ ਵਿਚਾਰ ਨੂੰ ਗੱਲਾਂ ਨਾਲ ਮੰਨਣਾ ਤੇ ਇਹਨੂੰ ਖੋਜ-ਪਰਖ ਦੇ ਹਰ ਖੇਤਰ ਵਿਚ ਵਿਸਥਾਰ ਪੂਰਵਕ ਯਥਾਰਥ ਰੂਪ ਵਿਚ ਵਰਤਣਾ ਦੋ ਵੱਖੋ-ਵੱਖਰੀਆਂ ਚੀਜ਼ਾਂ ਹਨ।'' ਕਾਰਲ ਮਾਰਕਸ ਨੇ ਹੀਗਲੀਅਨ ਦਰਸ਼ਨ ਦਾ ਇਹ ਇਨਕਲਾਬੀ ਪੱਖ ਲਿਆ ਤੇ ਉਸ ਨੂੰ ਵਿਕਸਿਤ ਕੀਤਾ।

ਵਿਰੋਧੀ ਵਿਕਾਸੀ ਪਾਦਰਥਵਾਦ ਰਾਹੀਂ ਸੰਸਾਰ ਨੂੰ ਜਾਣਿਆ ਹੀ ਨਹੀਂ ਜਾ ਸਕਦਾ ਸਗੋਂ ਬਦਲਿਆ ਵੀ ਜਾ ਸਕਦਾ ਹੈ, ਕਿਉਂਕਿ ਪਦਾਰਥਵਾਦ ਮੂਲ ਤੌਰ ਤੇ ਆਲੋਚਨਾਤਮਕ ਅਤੇ ਕਰਾਂਤੀਕਾਰੀ ਹੈ। ਇਸ ਅਨੁਸਾਰ ਕੋਈ ਵੀ ਵਸਤੂ ਸਥਾਈ ਤੇ ਸਦੀਵ ਨਹੀਂ। ਲਾਰਸ਼ਨ(1973) ਨੇ ਇਸ ਸਿਧਾਂਤ ਦੇ ਹੇਠ ਲਿਖੇ ਮੁੱਢਲੇ ਨਿਯਮ ਦੱਸੇ ਹਨ :

1. ਕੁਦਰਤ ਦੇ ਸਾਰੇ ਵਰਤਾਰੇ ਇਕ ਜੁੱਟ ਪ੍ਰਬੰਧ ਦਾ ਹਿੱਸਾ ਹਨ।
2. ਕੁਦਰਤ ਲਗਾਤਾਰ ਗਤੀ (motion) ਵਿਚ ਅਤੇ ਤਬਦੀਲੀ (change) ਵਿਚ ਰਹਿੰਦੀ ਹੈ।
3. ਵਿਕਾਸ ਦੀ ਪ੍ਰਕ੍ਰਿਆ ਗੁਣਾਤਮਕ ਤਰੱਕੀ ਦੀ ਉਪਜ ਹੈ ਕਿ ਜੋ ਕ੍ਰਾਂਤੀਕਾਰੀ ਗੁਣਾਤਮਕ ਤਬਦੀਲੀਆਂ ਲਿਆਉਂਦੀ ਹੈ।

ਕੁਦਰਤ ਦੇ ਸਾਰੇ ਖੇਤਰਾਂ ਵਿਚ ਅੰਤਰਗਤ ਵਿਰੋਧਤਾਈਆਂ (internal contradictions) ਮੌਜੂਦ ਹੁੰਦੀਆਂ ਹਨ। ਇਨ੍ਹਾਂ ਵਿਰੋਧਤਾਈਆਂ ਕਰਕੇ ਹੀ ਜਮਾਤੀ ਸੰਘਰਸ਼ (class struggle) ਚਲਦਾ ਰਹਿੰਦਾ ਹੈ। ਪੁਰਾਣਾ ਪ੍ਰਬੰਧ ਫਨਾਹ ਹੋ ਕੇ ਨਵਾਂ ਪ੍ਰਬੰਧ ਆਉਂਦਾ ਹੈ ਅਤੇ ਨਵੇਂ ਪ੍ਰਬੰਧ ਵਿਚ ਹੀ ਆਪਣੀ ਬਰਬਾਦੀ ਦੇ ਬੀਜ ਹੁੰਦੇ ਹਨ। ਇਸ ਤਰ੍ਹਾਂ ਦਵੰਦਾਤਮਕ ਪ੍ਰਕ੍ਰਿਆ ਚੱਲਦੀ ਰਹਿੰਦੀ ਹੈ। ਮਾਰਕਸ ਦੇ ਇਸ ਸਿਧਾਂਤ ਨੂੰ ਲੈਨਿਨ ਨੇ ਰੂਸ ਵਿਚ ਲਾਗੂ ਕੀਤਾ ਅਤੇ ਉਥੇ ਨਵੇਂ ਪ੍ਰਬੰਧ ਸਮਾਜਵਾਦ ਨੂੰ ਹੋਂਦ ਵਿਚ ਲਿਆਂਦਾ, ਜੋ ਕਿ ਫਿਰ ਤਹਿਸ ਨਹਿਸ ਹੋ ਗਿਆ ਹੈ।

## 4.5 ਇਸ ਸਿਧਾਂਤ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ

1. ਪਦਾਰਥ ਸੱਚ ਹੈ ਜਾਂ ਪਹਿਲਾਂ ਹੈ, ਵਿਚਾਰ ਬਾਅਦ ਵਿਚ
2. ਵਿਚਾਰ ਦੀ ਅਣਅਲੱਗ ਯੋਗਤਾ
3. ਸੱਚਾਈ ਗੁੰਝਲਦਾਰਤਾ
4. ਲਗਾਤਾਰ ਤਬਦੀਲੀ
5. ਕ੍ਰਾਂਤੀਕਾਰੀ ਤਬਦੀਲੀ

6. ਪਦਾਰਥ ਗਤੀਸ਼ੀਲ ਹੈ
7. ਵਿਉਪਾਰ ਦਾ ਵਿਕਾਸ ਅਤੇ ਉਨ੍ਹਾਂ ਵਿਚ ਤਣਾਉ
8. ਵਿਗਿਆਨਕ ਆਧਾਰ
9. ਸਮਾਜਵਾਦੀ ਸਮਾਜ ਦਾ ਜ਼ਰੂਰ ਹੋਂਦ ਵਿਚ ਆਉਣਾ

## ਆਪਣਾ ਗਿਆਨ ਪਰਖੋ

1. ਕਾਰਲ ਮਾਰਕਸ ਨੇ ਇਤਿਹਾਸ ਨੂੰ ਕਿਹੜੇ ਪੜਾਵਾਂ ਵਿੱਚ ਵੰਡਿਆ ਹੈ?

..............................................................................................................

..............................................................................................................

..............................................................................................................

2. ਪਦਾਰਥਵਾਦ ਤੋਂ ਕੀ ਭਾਵ ਹੈ?

..............................................................................................................

..............................................................................................................

..............................................................................................................

3. ਉਤਪਾਦਤ ਰਿਸ਼ਤੇ ਕੀ ਹੁੰਦੇ ਹਨ?

..............................................................................................................


..............................................................................................................

..............................................................................................................

## 4.6 ਆਧਾਰ ਅਤੇ ਢਾਂਚਾ (Base and Superstructure)

ਮਾਰਕਸਵਾਦੀ ਸਿਧਾਂਤ ਦਾ ਧੁਰਾ ਹੀ ਅਰਥਚਾਰਾ ਹੈ। ਪਰ ਇਸ ਅਰਥਚਾਰੇ ਦੀ ਪ੍ਰਕ੍ਰਿਤੀ ਕੀ ਹੋਵੇ ? ਆਧਾਰ ਕੀ ਹੋਵੇ ? ਭਾਵ ਇਹ ਅਰਥਚਾਰਾ ਕਿਨ੍ਹਾਂ ਸਿਧਾਂਤਾ ਤੇ ਉਸਰਿਆ ਹੋਵੇ ? ਇਹਨਾਂ ਸਵਾਲਾਂ ਦਾ ਜਵਾਬ ਵੀ ਮਾਰਕਸਵਾਦ ਦਿੰਦਾ ਹੈ। ਮਾਰਕਸ ਦੇ ਆਰਥਿਕ ਸਿਧਾਂਤ ਅਨੁਸਾਰ ਕਿਸੇ ਵੀ ਸਮਾਜ ਦੇ ਵਿਕਾਸ ਦਾ, ਅਡੋਲਤਾ ਦਾ ਅਤੇ ਸਥਿਤਰਤਾ ਦਾ ਆਧਾਰ ਉਸ ਦੇਸ਼ ਦਾ ਅਰਥਚਾਰਾ (Economy) ਹੁੰਦਾ ਹੈ। ਇਸ ਦੀ ਤੁਲਨਾ ਇਕ ਮਕਾਨ ਨਾਲ ਵੀ ਕੀਤੀ ਜਾ ਸਕਦੀ ਹੈ। ਜਿਵੇਂ ਕਿਸੇ ਮਕਾਨ ਦੀ ਨੀਂਹ ਮਜ਼ਬੂਤ ਹੋਵੇ ਤਾਂ ਉਸ ਮਕਾਨ ਦੀ ਉਮਰ ਬਹੁਤ ਲੰਮੀ ਹੁੰਦੀ ਹੈ ਅਤੇ ਉਸ ਮਕਾਨ ਵਿਚ ਰਹਿਣ ਵਾਲਿਆਂ ਨੂੰ ਵੀ ਕੋਈ ਖਤਰਾ ਨਹੀਂ ਹੁੰਦਾ, ਪਰ ਜੇ ਮਕਾਨ ਦੀ ਨੀਂਹ ਹੀ ਕੱਚੀ ਹੋਵੇ ਤਾਂ ਅਸੀਂ ਉਸ ਮਕਾਨ ਬਾਰੇ ਕੀ ਕਹਿ ਸਕਦੇ ਹਾਂ।

ਆਰਥਿਕ ਪ੍ਰਬੰਧ ਉਹ ਬੁਨਿਆਦ ਹੈ ਜਿਸ ਉਪਰ ਸਮਾਜ ਦੇ ਹੋਰ ਢਾਂਚੇ ਖੜ੍ਹੇ ਹਨ ਜੋ ਹੇਠਾਂ ਦਿੱਤੀ ਡਾਇਗ੍ਰਾਮ ਤੋਂ ਸਪੱਸ਼ਟ ਹੈ :



ਮਾਰਕਸਵਾਦੀ ਸਿਧਾਂਤ ਅਨੁਸਾਰ ਕਿਸੇ ਵੀ ਸਮਾਜ ਦੇ ਉਪਰਲੇ ਢਾਂਚਿਆਂ (ਰਾਜਨੀਤੀ, ਧਰਮ, ਵਿਦਿਆ, ਕਲਾ ਅਤੇ ਸੰਸਕ੍ਰਿਤੀ ਆਦਿ) ਨੂੰ ਉਥੋਂ ਦਾ ਅਰਥਚਾਰਾ ਹੀ ਪ੍ਰਭਾਵਤ ਕਰਦਾ ਹੈ। ਜੇ ਕਿਸੇ ਸਮਾਜ ਦਾ ਅਰਥਚਾਰਾ ਸਹੀ ਦਿਸ਼ਾ ਵੱਲ ਨਹੀਂ ਚਲਦਾ ਤਾਂ ਉਪਰਲੇ ਢਾਂਚਿਆਂ ਦਾ ਅਸਾਵਾਂ ਵਿਕਾਸ ਤਾਂ ਭਲੀ–ਭਾਂਤ ਹੀ ਨਜ਼ਰ ਆਉਣ ਲੱਗ ਜਾਂਦਾ ਹੈ। ਕਾਰਲ ਮਾਰਕਸ ਦੀ ਪ੍ਰਸਿੱਧ ਰਚਨਾ ''ਪੂੰਜੀ'' ਅਜੋਕੇ ਭਾਵ, ਸਰਮਾਏਦਾਰ ਸਮਾਜ ਦੇ ਆਰਥਿਕ ਪ੍ਰਬੰਧ ਨੂੰ ਸਮਰਪਤ ਹੈ। ਜੇ ਅਸੀ ਕਾਰਲ ਮਾਰਕਸ ਦੇ ਆਰਥਿਕ ਸਿਧਾਂਤ ਨੂੰ ਜਾਣਨਾ ਚਾਹੁੰਦੇ ਹਾਂ ਤਾਂ ਉਸ ਦੇ ਕਦਰ ਦੇ ਕਿਰਤ ਸਿਧਾਂਤ ਬਾਰੇ ਵਿਚਾਰਾਂ ਨੂੰ ਵੀ ਜਾਣਨਾ ਜ਼ਰੂਰੀ ਹੋਵੇਗਾ। ਇਸ ਵਿਚ ਕੋਈ ਸ਼ਕ ਨਹੀਂ ਕਿ ਕਦਰ ਦੇ ਕਿਰਤ ਸਿਧਾਂਤ ਦੀ ਨੀਂਹ ਐਡਮ ਸਮਿਥ ਅਤੇ ਡੇਵਿਡ ਰਿਕਾਰਡ ਨੇ ਰੱਖੀ ਪਰ ਕਾਰਲ ਮਾਰਕਸ ਨੇ ਉਹਨਾਂ ਦੇ ਕੰਮ ਨੂੰ ਜਾਰੀ ਰੱਖਿਆ। ਉਸ ਨੇ ਇਸ ਸਿਧਾਂਤ ਨੂੰ ਬਹੁਤ ਸਖਤੀ ਨਾਲ ਸਿੱਧ ਕੀਤਾ ਅਤੇ ਇਕਸਾਰ ਵਿਕਸਤ ਕੀਤਾ। ਉਸ ਅਨੁਸਾਰ ਹਰ ਜਿਨਸ ਦੀ ਕਦਰ ਉਹਦੀ ਪੈਦਾਵਾਰ ਉਤੇ ਖਰਚ ਹੋਏ ਸਮਾਜਕ ਰੂਪ ਵਿਚ ਲੋੜੀਂਦੇ ਕਿਰਤ ਸਮੇ ਮਿਥੀ ਜਾਂਦੀ ਹੈ।ਸਰਮਾਏਦਾਰੀ ਦੇ ਖੈਰ ਖੁਆਹ ਅਰਥ ਸ਼ਾਸਤਰੀ ਨੇ ਚੀਜ਼ਾਂ ਵਿਚਕਾਰ ਸੰਬੰਧ ਵੇਖੇ, ਪਰ ਕਾਰਲ ਮਾਰਕਸ ਨੇ ਮਨੁੱਖ ਵਿਚਕਾਰ ਇਹ ਸੰਬੰਧ ਪ੍ਰਗਟ ਕੀਤਾ। ਪੈਸਾ ਇਕੱਲੇ ਇਕੱਲੇ ਉਪਜਕਾਰਾਂ ਦੇ ਸਮੁੱਚੇ ਆਰਥਿਕ ਜੀਵਨ ਨੂੰ ਅਨਿੱਖੜਵੇਢੰਗ ਨਾਲ ਬੰਨ੍ਹਦਾ ਹੈ। ਇਸ ਪ੍ਰਕ੍ਰਿਆ ਵਿਚ ਮਨੁੱਖ ਦੀ ਕਿਰਤ ਸ਼ਕਤੀ ਇਕ ਜਿਨਸ ਬਣ ਜਾਂਦੀ ਹੈ। ਕਿਰਤੀ ਆਪਣੀ ਕਿਰਤ ਸ਼ਕਤੀ ਨੂੰ ਵੇਚਣ ਲਈ ਖੁਲ੍ਹੇ ਆਮ ਮੰਡੀ ਵਿਚ ਆਉਂਦਾ ਹੈ ਭਾਵੇਂ ਉਸਦਾ ਖਰੀਦਦਾਰ ਇਕ ਉਦਯੋਗਪਤੀ ਜਾਂ ਭੂਮੀ ਪਤੀ ਜਾਂ ਹੋਰ ਕਿਰਤ ਦੇ ਸਾਧਨਾਂ ਦਾ ਮਾਲਕ ਹੋਵੇ। ਕਿਰਤੀ ਦਿਨ ਦਾ ਇਕ ਹਿੱਸਾ ਆਪਣੇ ਪਰਿਵਾਰ ਦੀ ਰੋਜੀ ਰੋਟੀ ਕਮਾਉਣ ਲਈ ਗੁਜਾਰਦਾ ਹੈ ਜਦੋਂ ਕਿ ਦਿਨ ਦਾ ਦੂਜਾ ਹਿੱਸਾ ਉਹ ਸਰਮਾਏਦਾਰਾਂ ਲਈ ਵਾਧੂ ਮੁੱਲ (Surplus Value), ਮੁਨਾਫੇ ਦਾ ਸੋਮਾ, ਸਰਮਾਏਦਾਰ ਸ਼ਰੇਣੀ ਦੌਲਤ ਦਾ ਸੋਮਾ, ਰਚਦਾ ਹੋਇਆ ਬਿਨ੍ਹਾਂ ਮਜਦੂਰੀ ਤੇ ਕੰਮ ਕਰਦਾ ਹੈ। ਇਹ ਪ੍ਰਕ੍ਰਿਆ ਛੋਟੇ ਉਦਯੋਗਪਤੀਆਂ ਦਾ ਸਫਾਇਆ ਕਰਦੀ ਹੈ ਅਤੇ ਬੇਰੁਜ਼ਗਾਰੀ ਵਿਚ ਵਾਧਾ ਕਰਦੀ ਹੈ ਜਿਸ ਕਰਕੇ ਮਸ਼ੀਨਰੀ ਨੂੰ ਅਪਣਾ ਸਕਦੇ ਹਨ ਤੇ ਹੋਰ ਨਵੀਆਂ ਖੇਤੀ ਤਕਨੀਕਾਂ ਅਪਣਾਉਂਦੇ ਹਨ ਜਿਸ ਕਰਕੇ ਉਹਨਾਂ ਦਾ ਉਤਪਾਦਨ ਹਰ ਦਿਨ ਵੱਧਦਾ ਚਲਾ ਜਾਂਦਾ ਹੈ। ਅਸੀਂ ਪਿੰਡਾਂ ਵਿਚ ਅਜਿਹੀ ਪ੍ਰੈਕਟਿਸ ਵੇਖ ਸਕਦੇ ਹਾਂ ਕਿ ਹਰ ਦਿਨ ਵੱਡੇ ਪੂੰਜੀਪਤੀ ਛੋਟੇ ਜ਼ਿੰਮੀਦਾਰਾਂ ਦੀਆਂ ਜ਼ਮੀਨਾਂ ਖਰੀਦ ਰਹੇ ਹਨ ਅਤੇ ਛੋਟੇ ਜ਼ਿਮੀਦਾਰ ਆਪਣੀ ਜ਼ਮੀਨ ਵੇਚ ਕੇ ਮਜ਼ਦੂਰਾਂ ਦੀ ਕਤਾਰ ਵਿਚ ਜਾ ਖੜ੍ਹਦੇ ਹਨ। ਜਮੀਨ ਦੀ ਉੱਪਜ ਮੁਠੀ ਭਰ ਸਰਮਾਏਦਾਰਾਂ ਦੇ ਹੱਥਾਂ ਵਿਚ ਆ ਜਾਂਦੀ ਹੈ। ਇਸ ਨੂੰ ਵੇਖਦੇ ਹੋਏ ਮਾਰਕਸ ਨੇ ਸਰਮਾਏਦਾਰੀ ਵਿਕਾਸ ਜਿਨਸਾਂ ਦੀ ਆਰਥਿਕਤਾ ਦੇ ਪਹਿਲੇਜਿਰਮਾਂ ਤੋਂ ਸਰਲ ਵਟਾਂਦਰੇ ਤੇ ਉਹਦੀ ਸਭ ਤੋ ਉੱਚੀ ਸ਼ਕਲ, ਵੱਡੇ ਪੈਮਾਨੇ ਦੀ ਪੈਦਾਵਾਰ, ਤੱਕ ਉਲੀਕਿਆ। ਭਾਵੇਂਕਿ ਸਰਮਾਏਦਾਰੀ ਨੇ ਸਾਰੀ ਦੁਨੀਆਂ ਉੱਪਰ ਫਤਿਹ ਪਾ ਲਈ ਹੈ, ਪਰ ਇਹ ਫਤਿਹ ਪੂੰਜੀ ਉੱਤੇ ਕਿਰਤ ਦੀ ਫਤਿਹ ਦਾ ਮੁੱਖ ਚਿੰਨ/ਸੰਕੇਤ ਹੈ।

## 4.7 ਅਭਿਆਸ ਲਈ ਪ੍ਰਸ਼ਨ

1. ਕਾਰਲ ਮਾਰਕਸ ਦੇ ਜਮਾਤੀ ਸੰਘਰਸ਼ ਦੇ ਸੰਕਲਪ ਤੇ ਚਾਨਣਾ ਪਾਓ।
2. ਕਾਰਲ ਮਾਰਕਸ ਅਨੁਸਾਰ ਜਮਾਤੀ ਸੰਘਰਸ਼ ਕੀ ਹੈ ? ਇਸਦੇ ਕਿਹੜੇ ਕਿਹੜੇ ਤੱਤ ਹਨ ?
3. ਇਤਿਹਾਸਕ ਪਦਾਰਥਵਾਦ ਦੀ ਵਿਆਖਿਆ ਕਰੋ।

## ਸੰਖੇਪ ਸਵਾਲ :

(ੳ) ਸਰਮਾਏਦਾਰੀ ਨਿਜਾਮ ਵਿਚ ਕਿਹੜੇ ਦੋ ਮੁੱਖ ਵਰਗ ਪਾਏ ਜਾਂਦੇ ਹਨ ਨਾਂ ਲਿਖੋ।

(ਅ) ਕਾਰਲ ਮਾਰਕਸ ਦੀ ਕਿਤਾਬ ''ਦ–ਕੈਪੀਟਲ'' ਦਾ ਸੰਪਾਦਨ ਕਿਸ ਨੇ ਕੀਤਾ ?

(ੲ) ਹੀਗਲ ਅਤੇ ਮਾਰਕਸ ਦੀ ਵਿਚਾਰਧਾਰਾ ਵਿੱਚ ਕੀ ਅੰਤਰ ਸੀ ? ਚਾਰ ਲਾਈਨਾਂ ਵਿੱਚ ਲਿਖੋ।

## 4.8 REFERENCES


1. Karl Marx : Capital. Vol.1, Progress Publishing House, Moscow, 1954.
2. V.I.Lenin : Marks Engles Marxism, Foreign Language Publishing, Mascow, 1951.
3. T. B. Bottomore : Marxist Socioloty, in the International Encyclopaedia of the Social Sciences, Macmillan Company, New York, 1968.
4. Karl Marx and Freidrich Engles : Selected works, 2 Vols Foreign Language Publishing House, Moscow,1962.
5. Raymond Aron : Main Currents in Sociological Thought, Doubleday, Garden City, 1970
6. Abrahim, Francis : Modern Socilogical Theory : An Introduction : Oxford University Press, Delhi :1992.
7. Abrahim Francist Morgan. John Henry : Sociological Thought from Comte to Sorokin, Macmillan India Limited, Delhi :1985
8. Nicholas Timasheff & George Theordorson : Sociological Theory, Random House, New York, 1976.
9. Gobinder Singh : Karl Marx : Published in Samaj Vigianik Sidhant (Special issue) ed.P.S.Jammu & G.S.Bhatnagar.
10. Paramjit Singh Jaj : Samaj Vigianik Derishtikon Te Sidhant : Publication Bureau, Pbi.Uni.,Patiala.

**ਪਾਠ ਨੰ: 1.5** **ਲੇਖਕ ਡਾ.ਪਲਵਿੰਦਰ ਸਿੰਘ**

# ਮੈਕਸ ਵੇਬਰ (ਵਿਆਖਤਮ ਸ਼ੋਸ਼ਿਆਲੋਜੀ ਤੇ ਸਮਾਜਕ ਕਾਰਜ)
# Max Weber (1864-1920)

**ਬਣਤਰ**

5.0 ਉਦੇਸ਼
5.1 ਜਾਣ-ਪਛਾਣ
5.2 ਮੈਕਸ ਵੇਬਰ ਦੇ ਕੰਮ
5.3 ਵਿਖਿਆਤਮਕ ਸੋਸ਼ਿਆਲੋਜੀ
5.3.1 ਵਰਸਟੇਹਨ
5.3.2 ਆਦਰਸ਼ ਨਮੂਨੇ
5.3.3 ਨਿਰਪੱਖਤਾ
5.4 ਸਮਾਜਿਕ ਕਾਰਜ
5.5 ਸਮਾਜਿਕ ਕਾਰਜ ਦੀਆਂ ਕਿਸਮਾਂ
5.5.1 ਰਵਾਇਤੀ ਕਾਰਜ
5.5.2 ਭਾਵਾਨਾਤਮਕ ਕਾਰਜ
5.5.3 ਕਦਰ-ਜੁਗਤੀ ਕਾਰਜ
5.5.4 ਮੰਤਵ-ਜੁਗਤੀ ਕਾਰਜ
5.6 ਸਾਰ
5.7 ਅਭਿਆਸ ਲਈ ਪ੍ਰਸ਼ਨ
5.8 ਉਪਯੋਗੀ ਪੁਸਤਕਾਂ

## 5.0 ਉਦੇਸ਼

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਹਾਨੂੰ ਜਰਮਨੀ ਦੇ ਸੁਪ੍ਰਸਿੱਧ ਸਮਾਜ ਵਿਗਿਆਨੀ ਮੈਕਸ ਵੈਬਰ ਬਾਰੇ ਨਿਮਨ ਲਿਖਤ ਗੱਲਾਂ ਦੀ ਜਾਣਕਾਰੀ ਹਾਸਿਲ ਹੋਵੇਗੀ।

- ਮੈਕਸ ਵੈਬਰ ਦੀ ਜੀਵਨੀ
- ਮੈਕਸ ਵੈਬਰ ਦੀ ਵਿਖਿਆਤਮਕ ਸੋਸ਼ਿਆਲੋਜੀ ਦਾ ਭਾਵ
- ਮੈਕਸ ਵੈਬਰ ਦਾ ਸਮਾਜਿਕ ਕਾਰਜ ਦਾ ਸੰਕਲਪ ਅਤੇ ਉਸਦੀਆਂ ਕਿਸਮਾਂ ਦਾ ਗਿਆਨ।

## 5.1 ਜਾਣ ਪਛਾਣ

ਜਰਮਨੀ ਦੇ ਸੁਪ੍ਰਸਿੱਧ ਸਮਾਜ ਵਿਗਿਆਨੀ ਮੈਕਸ ਵੈਬਰ ਦਾ ਜਨਮ 21 ਅਪ੍ਰੈਲ 1864 ਨੂੰ ਏਰਫਟ, ਬੁਰੀਨ-ਬਰਲਿਨ ਵਿਚ ਹੋਇਆ। ਉਸਦਾ ਪਿਤਾ (ਮੈਕਸ ਵੈਬਰ/ਸਰ) ਉਸ ਵੇਲੇ ਦੇ ਜਰਮਨ ਪਾਰਲੀਮੈਂਟ ਦਾ ਮੈਂਬਰ ਸੀ। ਉਸਦਾ ਪਿਤਾ ਸੱਜੇ ਉਦਾਰਵਾਦੀਆਂ ਦੀ ਰਾਜਨੀਤਿਕ ਵਿਚਾਰਧਾਰਾ ਵਿਚ ਯਕੀਨ ਰੱਖਦਾ ਸੀ। ਉਸ ਦੇ ਘਰ ਮਹਾਨ ਵਿਦਵਾਨਾਂ, ਵੱਡੇ-ਵੱਡੇ ਰਾਜਨੀਤੀਵਾਨਾਂ ਦਾ ਆਉਣਾ ਜਾਣਾ ਆਮ ਰਹਿੰਦਾ ਸੀ ਅਤੇ ਹਰ ਵੇਲੇ ਰਾਜਨੀਤਿਕ ਵਾਰਤਾਲਾਪ ਚਲਦਾ ਰਹਿੰਦਾ, ਜਿਸ ਨੇ ਮੈਕਸ ਵੈਬਰ ਦੀ ਸਖਸ਼ੀਅਤ ਨੂੰ ਨਿਖਾਰਨ ਵਿਚ ਬਹੁਤ ਯੋਗਦਾਨ ਪਾਇਆ।

ਮੈਕਸ ਵੈਬਰ ਦੀ ਮਾਤਾ ਹੈਲਨ ਫੈਲੇਸਤੀਨ ਇਕ ਧਾਰਮਕ ਸੁਘੜ-ਸਿਆਣੀ ਅਤੇ ਉਦਾਰਚਿੱਤ ਸੁਆਣੀ ਸੀ। ਉਹ ਪ੍ਰੋਟੋਸਟੈਂਟ ਮੱਤ ਵਿਚ ਵਿਸ਼ਵਾਸ ਰੱਖਦੀ ਸੀ। ਜਰਵੀਨਸ (ਇਕ ਮਸ਼ਹੂਰ ਉਦਾਰਵਾਦੀ ਇਤਿਹਾਸਕਾਰ) ਉਸ ਦਾ ਅਧਿਆਪਕ ਸੀ, ਜਿਸ ਨੇ ਉਸ ਨੂੰ ਬਹੁਤ ਸਾਰੇ ਮਾਨਵੀ ਵਿਸ਼ਿਆਂ ਬਾਰੇ ਸਿੱਖਿਆ ਦਿੱਤੀ। ਮੈਕਸ ਵੈਬਰ ਦੇ ਪਿਤਾ ਅਤੇ ਮਾਤਾ ਵਿਚ ਸੰਬੰਧ ਹਮੇਸ਼ਾਂ ਤਨਾਊ ਪੂਰਣ ਹੀ ਰਹੇ, ਕਿਉਂਕਿ ਉਸ ਦਾ ਪਿਤਾ ਉਸ ਦੀ ਮਾਤਾ ਦੀਆਂ ਧਾਰਮਿਕ ਅਤੇ ਮਾਨਵੀ ਭਾਵਨਾਵਾਂ ਨੂੰ ਸਮਝਣੋਂ ਅਸਮਰਥ ਰਿਹਾ। ਮੈਕਸ ਵੈਬਰ ਆਪਣੇ ਪਿਤਾ ਦੇ ਅਸ਼ਿਸ਼ਟਤਾ ਭਰੇ ਵਿਵਹਾਰ ਤੋਂ ਵੀ ਤੰਗ ਸੀ ਅਤੇ ਮਾਤਾ ਦੇ ਸੁਚਰਿੱਤਰਤਾ ਵਾਲੇ ਸਭਾਵ ਨਾਲ ਵੀ ਸਹਿਮਤ ਨਹੀਂ ਸੀ।

1822 ਵਿਚ ਆਪਣੀ ਪ੍ਰੀ-ਯੂਨੀਵਰਸਿਟੀ ਦੀ ਸਿੱਖਿਆ ਸਮਾਪਤ ਕਰਨ ਤੋਂ ਬਾਅਦ, ਉਸ ਨੇ ਹਾਈਡਲਬਰਗ ਵਿਚ ਕਾਨੂੰਨ ਵਿਭਾਗ ਵਿਚ ਦਾਖਲਾ ਲਿਆ। ਇਸ ਦੇ ਨਾਲ ਨਾਲ ਉਸ ਨੇ ਹੋਰ ਵਿਸ਼ਿਆਂ (ਇਤਿਹਾਸ, ਅਰਥ-ਸ਼ਾਸਤਰ, ਫਿਲਾਸਫੀ) ਦਾ ਡੂੰਘਾ ਅਧਿਐਨ ਕੀਤਾ। ਉਸ ਨੂੰ ਮਿਲਟਰੀ ਵਿਚ ਨੌਕਰੀ ਕਰਨੀ ਪਈ। ਮਿਲਟਰੀ ਵਿਚ ਇਕ ਦੋ ਸਾਲ ਦੀ ਨੌਕਰੀ ਤੋਂ ਬਾਅਦ ਉਸ ਨੇ ਫਿਰ ਯੂਨੀਵਰਸਿਟੀ ਵਿਚ ਪ੍ਰਵੇਸ਼ ਕੀਤਾ ਅਤੇ ਕਾਨੂੰਨ ਦੀ ਰਹਿੰਦੀ ਪੜ੍ਹਾਈ ਪੂਰੀ ਕੀਤੀ। ਬਾਅਦ ਵਿਚ ਉਸ ਨੇ ਬਰਲਿਨ ਦੀ ਕਾਨੂੰਨ ਕਚਹਿਰੀ ਵਿਚ ਪ੍ਰਵੇਸ਼ ਕੀਤਾ।

1893 ਵਿਚ ਮੈਕਸ ਵੈਬਰ ਦਾ ਵਿਆਹ (ਆਪਣੇ ਪਿਤਾ ਦੀ ਵੱਡੀ ਭਤੀਜੀ) ਡਾਕਟਰ ਦੀ 21 ਸਾਲਾਂ ਲੜਕੀ ਨਾਲ ਹੋਇਆ। ਇਸ ਤੋਂ ਇਕ ਸਾਲ ਬਾਅਦ ਉਸ ਨੂੰ ਹਾਈਡਲਬਰਗ ਯੂਨੀਵਰਸਿਟੀ ਦੇ ਅਰਥ-ਸ਼ਾਸਤਰ ਵਿਭਾਗ ਵਿਚ ਪ੍ਰੋਫੈਸਰ ਦੀ ਨੌਕਰੀ ਮਿਲ ਗਈ। ਉਸ ਨੇ 1895 ਅਤੇ 1896 ਵਿਚ, ਸਕਾਟਲੈਂਡ ਅਤੇ ਆਇਰਲੈਂਡ ਦੇ ਪੱਛਮੀ ਤੱਟ ਦੀ ਯਾਤਰਾ ਕੀਤੀ। ਹਾਇਡਲਬਰਗ ਯੂਨੀਵਰਸਿਟੀ ਵਿਚ ਇਤਿਹਾਸਕ ਸਕੂਲ ਦੇ ਮੁਖੀ ਨਾਈਜ਼ ਤੋਂ ਬਾਅਦ ਉਸਦੀ ਜਗ੍ਹਾ ਲਈ।

ਜਿਵੇਂ ਕਿ ਉੱਪਰ ਦੱਸਿਆ ਜਾ ਚੁੱਕਾ ਹੈ ਕਿ ਉਸ ਦੇ ਪਿਤਾ ਨਾਲ ਚੰਗੇ ਸੰਬੰਧ ਨਹੀਂ ਰਹੇ ਕਿਉਂਕਿ ਉਸ ਦਾ ਪਿਤਾ ਉਸ ਦੀ ਮਾਂ ਨਾਲ ਚੰਗਾ ਸਲੂਕ ਨਹੀਂ ਸੀ ਕਰਦਾ। ਉਸ ਦਾ ਪਿਤਾ 1897 ਵਿਚ ਅਕਾਲ ਚਲਾਣਾ ਕਰ ਗਿਆ। ਪਿਤਾ ਦੀ ਮੌਤ ਤੋਂ ਬਾਅਦ ਉਸ ਦੀ ਜ਼ਿੰਦਗੀ ਮਾਨਸਿਕ ਤਣਾਉ ਅਤੇ ਡੂੰਘੀ ਨਿਰਾਸ਼ਾ ਵਿਚ ਲੰਘੀ।

1903 ਵਿਚ ਵੈਬਰ ਨੇ ਇਟਲੀ, ਹਾਲੈਂਡ, ਬੈਲਜੀਅਮ ਅਤੇ ਅਮਰੀਕਾ ਦੀ ਯਾਤਰਾ ਕੀਤੀ। ਉਸ ਨੇ 1904 ਵਿਚ ਜੂਨਕੋਰ ਇਲਾਕੇ ਦੀਆਂ ਸਮਾਜਿਕ ਅਤੇ ਆਰਥਿਕ ਸਮੱਸਿਆਵਾਂ ਬਾਰੇ ਸਮਾਜ ਵਿਗਿਆਨਾਂ ਵਿਚ ਬਾਹਰਮੁੱਖਤਾ ਅਤੇ ''ਪ੍ਰੋਟੈਸਟੈਟ, ਐਥਿਕ ਅਤੇ ''ਸਪਿਰਟ ਆਫ਼ ਕੰਪੀਟੇਲਿਜ਼ਮ'' ਦੇ ਪਹਿਲੇ ਭਾਗ ਬਾਰੇ ਆਪਣੇ ਪਰਚੇ ਪ੍ਰਕਾਸ਼ਿਤ ਕੀਤੇ। 1901 ਵਿਚ ਉਸ ਨੇ ਰੂਸ ਉੱਪਰ ਦੋ ਮੁੱਖ ਲੇਖ ਪ੍ਰਕਾਸ਼ਿਤ ਕੀਤੇ :

(i) The Situation of Bourgeois Democracy in Russia.

(ii) Russia's Transition to sham Constituationalism.

1913 ਵਿਚ ਉਹ ਵੀਏਨਾਂ ਵਿਚ ਗਿਆ ਅਤੇ ਇਤਿਹਾਸ ਦੀ ਪਦਾਰਥਵਾਦੀ ਧਾਰਨਾ ਦੀ ਇਕ ਸਕਾਰਾਤਮਕ ਆਲੋਚਨਾ ਸੀਮਾਵਾਂ ਉੱਪਰ ਲੈਕਚਰ ਦਿੱਤਾ। ਇਸ ਤੋਂ ਛੇਤੀ ਬਾਅਦ ਹੀ 1920 ਵਿਚ ਮੈਕਸ ਵੈਬਰ ਦੀ ਮੌਤ ਹੋ ਗਈ।

ਮੈਕਸ ਵੈਬਰ ਬਹੁਪੱਖੀ ਅਤੇ ਡੂੰਘੀ ਜਾਣਕਾਰੀ ਤੇ ਤਿੱਖੀ ਨੀਝ ਦਾ ਮਾਲਕ ਸੀ। ਤੱਥਾਂ ਦਾ ਵਿਸ਼ਲੇਸ਼ਣ ਕਰਨ ਵਿਚ ਉਹ ਬਹੁਤ ਸਿਆਣਾ ਸੀ, ਪਰ ਸੁਭਾਅ ਦਾ ਜ਼ਰਾ ਅੱਖੜ ਸੀ। ਵੈਬਰ ਬੁਰਜੂਆ ਸਮਾਜ ਵਿਗਿਆਨ ਦਾ ਵੱਡਾ ਹਮਾਇਤੀ ਹੋਇਆ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਦੂਜੀ ਵੱਡੀ ਸੰਸਾਰ ਜੰਗ ਤੋਂ ਬਾਅਦ ਜਰਮਨੀ ਨੇ ਸਮਾਜ ਵਿਗਿਆਨ ਦੇ ਖੇਤਰ ਵਿਚ ਮਹੱਤਵਪੂਰਨ ਪ੍ਰਾਪਤੀਆਂ ਕੀਤੀਆਂ ਹਨ, ਪਰ ਫੇਰ ਵੀ ਮੈਕਸ ਵੈਬਰ ਦੀ ਪ੍ਰਤਿਭਾ ਦੇ ਤੁੱਲ ਕੋਈ ਸ਼ਖਸ਼ੀਅਤ ਪ੍ਰਗਟ ਨਹੀਂ ਹੋ ਸਕੀ। ਇਹ ਕਹਿਣਾ ਉਚਿਤ ਹੋਵੇਗਾ ਕਿ ਅੱਜ ਦੇ ਸੰਦਰਭ ਵਿਚ ਜਿਸ ਨੇ ਮੈਕਸ ਵੈਬਰ ਦੀਆਂ ਲਿਖਤਾਂ ਦਾ ਅਧਿਐਨ ਨਹੀਂ ਕੀਤਾ। ਉਹ ਸਮਾਜ ਸ਼ਾਸ਼ਤਰੀ ਨਹੀਂ ਹੋ ਸਕਦਾ।

## 5.2 ਮੈਕਸ ਵੈਬਰ ਦੇ ਕੰਮ

(i) The protestant Ethic and the Spirit of Capitalism.

(ii) Sociology of Religion.

(iii) Economy and Society.

(iv) Essays on Sociology.

(v) Max Weber on the Mehodology of Social Science.

(vi) General Economic Theory.

(vii) The City.

## 5.3 ਵਿਖਿਆਤਮਕ ਸਮਾਜ ਵਿਗਿਆਨ (Interpretative Sociology)

ਵੇਬਰ ਦੀ ਸ਼ੋਸ਼ਿਆਲੋਜੀ ਨੂੰ ਵਿਖਿਆਤਮਕ ਸੋਸ਼ਿਆਲੋਜੀ ਕਿਹਾ ਜਾਂਦਾ ਹੈ ਕਿਉਂਕਿ ਉਹ ਵਿਅਕਤੀ ਦੇ ਕਾਰਜ ਦਾ ਵਿਖਿਆਤਮ ਅਧਿਐਨ ਕਰਦੀ ਹੈ। ਹਰੇਕ ਕਾਰਜ ਨੂੰ ਕਰਤਾ ਕੋਈ ਨਾ ਕੋਈ ਭਾਵ ਜ਼ਰੂਰ ਦਿੰਦਾ ਹੈ। ਇਸ ਦਾ ਅਰਥ ਇਹ ਹੈ ਕਿ ਉਸ ਕਾਰਜ ਨਾਲ ਕਾਰਜ ਕਰਨ ਵਾਲੇ ਦੀ ਅੰਤਰ-ਮੁੱਖਤਾ (Subjective feeling) ਜੁੜੀ ਹੁੰਦੀ ਹੈ ਕਿ ਉਹ ਇਹ ਕਾਰਜ ਕਿਉਂ ਕਰ ਰਿਹਾ ਹੈ। ਇਕ ਸਮਾਜ ਵਿਗਿਆਨੀ ਦਾ ਕੰਮ ਉਸ ਕਰਤਾ ਦੇ ਕਾਰਜ ਨਾਲ ਜੁੜੀ ਅੰਤਰ-ਮੁਖਤਾ ਨੂੰ ਸਮਝਣਾ ਜਾਂ ਉਸ ਦਾ ਅਧਿਐਨ ਕਰਨਾ ਹੁੰਦਾ ਹੈ।

ਕਿਸੇ ਵੀ ਪਰਪੰਚ ਦੀ ਵਿਆਖਿਆ ਦੋ ਤਰੀਕਿਆਂ ਨਾਲ ਕੀਤੀ ਜਾ ਸਕਦੀ ਹੈ। ਇਕ ਹੈ ਵਰਨਾਤਮਕ ਸਮਝ (Explanatary understanding) ਜਿਸ ਵਿਚ ਸਿਰਫ ਕਿਸੇ ਚੀਜ਼ ਦਾ ਵਿਸਥਾਰ ਨਾਲ ਵਰਨਣ ਹੁੰਦਾ ਹੈ ਅਤੇ ਦੂਸਰੀ ਹੈ ਵਿਖਿਆਤਮਕ ਸਮਝ (Interpretative Sociology) ਜਿਸਦੀ ਸਾਨੂੰ ਸਮਾਜ ਵਿਗਿਆਨ ਵਿਚ ਲੋੜ ਪੈਂਦੀ ਹੈ ਤਾਂ ਕਿ ਸਮਝ ਸਕੀਏ ਕਿ ਕੋਈ ਵਿਅਕਤੀ ਕਿਸ ਭਾਵ ਨਾਲ ਕਾਰਜ ਕਰਦਾ ਹੈ। ਇਹ ਵਿਖਿਆਤਮਕ ਸਮਝ ਸਿਰਫ empathy ਦੁਆਰਾ ਹੀ ਹਾਸਿਲ ਕੀਤੀ ਜਾ ਸਕਦਾ ਹੈ। ਜਦੋਂ ਕੋਈ ਨਿਰੀਖਿਅਕ ਆਪਣੇ ਆਪ ਨੂੰ ਦੂਸਰੇ ਦੀ ਥਾਂ ਤੇ ਰੱਖ ਕੇ ਜਾਂ ਦੂਸਰੇ ਦੀ ਸਥਿਤੀ ਵਿਚ ਆਪਣੇ ਆਪ ਨੂੰ ਪਾ ਕੇ ਵੇਖਦਾ ਹੈ। ਵੇਬਰ ਦੀ ਵਿਖਿਆਤਮਕ ਸੋਸ਼ਿਆਲੋਜੀ ਨੂੰ ਸਮਝਣ ਲਈ ਅਸੀਂ ਉਸ ਵੱਲੋਂ ਅਪਣਾਈ ਖੋਜ ਵਿਧੀ ਵਰਸਟੇਹਨ, ਆਦਰਸ਼ ਨਮੂਨੇ,ਨਿਰਪੱਖਤਾ ਅਤੇ ਸਮਾਜਕ ਕਾਰਜ ਦੀ ਖੋਲ੍ਹ ਕੇ ਵਿਆਖਿਆ ਕਰਾਂਗੇ। ਸਮਾਜ ਵਿਗਿਆਨ ਪੱਤਰ ਦੇ ਅੰਕ 26,27,28 ਵਿਚ ਪ੍ਰੋ.ਜਸਪਾਲ ਸਿੰਘ ਨੇ ਮੈਕਸ

ਵੇਬਰ ਦੇ ਹਵਾਲੇ ਨਾਲ ਵਰਸਟੇਹਨ, ਆਦਰਸ਼ ਨਮੂਨੇ ਅਤੇ ਨਿਰਪੱਖਤਾ ਦੇ ਸੰਕਲਪ ਨੂੰ ਹੇਠ ਲਿਖੇ ਅਨੁਸਾਰ ਕੀਤਾ ਹੈ :

## 5.3.1 ਵਰਸਟੇਹਨ (Verstehan)

ਵਰਸਟੇਹਨ ਜਿਸ ਨੂੰ ਦੀਘਰ ਦਰਿਸ਼ਟੀ ਜਾਂ ਸੂਝ ਵਿਧੀ ਵੀ ਕਹਿ ਸਕਦੇ ਹਾਂ ਇਹ ਬਹੁਤ ਲਾਭਕਾਰੀ ਸਿੱਧ ਹੋਈ ਹੈ। ਉਸ ਦੀ ਵਿਧੀ ਪਰਕਿਰਤਿਕ ਅਤੇ ਸਮਾਜੀ ਸਭਿਆਚਾਰਕ ਵਿਗਿਆਨਾਂ ਦੇ ਖੋਜ ਢੰਗਾਂ ਦਾ ਸੁਮੇਲ ਹੈ। ਪ੍ਰਕਿਰਤਿਕ ਵਿਗਿਆਨ, ਕਾਰਨ ਖੋਜ ਕੇ ਤੱਥਾਂ ਦੀ ਵਿਆਖਿਆ ਕਰਦੇ ਹਨ। ਸਮਾਜੀ-ਸਭਿਆਚਾਰਕ ਵਿਗਿਆਨ ਭਾਵ ਸਮਝ ਕੇ ਸਮਝਾਉਂਦੇ ਹਨ। ਸਮਝਣ ਦਾ ਭਾਵ ਹੈ, ਕਿਸੇ ਕਰਤਾ (actor) ਦੇ ਕਾਰਜ ਦੇ ਬਾਹਰਮੁਖੀ ਦਰਸ਼ਨ ਦੁਆਰਾ, ਉਸੇ ਦੇ ਦ੍ਰਿਸ਼ਟੀਕੋਨ ਤੋਂ ਉਸਦੇ ਅੰਤਰੀਵ ਭਾਵ ਤੱਕ ਪਹੁੰਚਣਾ। ਭਾਵ ਦਾ ਅਰਥ ਸ਼ਬਦਕੋਸ਼ ਵਾਲਾ ਜਾਂ ਨੈਤਿਕ ਭਾਵ ਨਹੀਂ, ਸਗੋਂ ਸਬੰਧਤ ਧਿਰਾਂ ਦੇ ਮਨ ਦਾ ਭਾਵ ਹੁੰਦਾ ਹੈ। ਇਹ ਭਾਵ ਵਖਰੇ ਵੱਖਰੇ ਬੰਦਿਆਂ ਵਾਸਤੇ ਅਡਰਾ-ਅਡਰਾ ਵੀ ਹੋ ਸਕਦਾ ਹੈ। ਕਰਤਾ ਦਾ ਭਾਵ ਉਸੇ ਦੀ ਨਜ਼ਰ ਨਾਲ ਵੇਖ ਕੇਸੰਵੇਦਨਾ ਦੁਆਰਾ ਸਪਸ਼ਟ ਕੀਤਾ ਜਾ ਸਕਦਾ ਹੈ। ਭਾਵ ਅਰਥ ਸਮਝਣ ਵਾਸਤੇ ਆਪਣੀ ਸੋਚ ਦੂਸਰਿਆਂ ਦੇ ਸਿਰ ਮੜ੍ਹਨ ਦੀ ਥਾਂ ਆਪਣੇ ਤਨ ਦੀ ਪੀੜਾ ਨਾਲ ਦੂਜਿਆਂ ਦੀ ਪੀੜ ਸਮਝਣ ਦਾ ਜਤਨ ਕੀਤਾ ਜਾਂਦਾ ਹੈ।ਵੈਬਰ ਦਾ ਖੋਜ-ਢੰਗ ਵਾਸਤਵਿਕਤਾ ਦੇ ਬਾਹਰੀ ਰੂਪ ਨੂੰ ਦੀਰਘ-ਦਰਿਸ਼ਟੀ ਨਾਲ ਸਮਝਣ ਉਤੇ ਜੋਰ ਦਿੰਦਾ ਹੈ। ਇਹ ਖਿਆਲੀ ਨਮੂਨੇ ਬਣਾ ਕੇ ਸਮਝਿਆ ਸਮਝਾਇਆ ਜਾ ਸਕਦਾ ਹੈ।

ਵੈਬਰ ਦੀ ਦੀਰਘ ਦਰਿਸ਼ਟੀ ਨੂੰ ਫਰਾਇਡ ਦੇ ਰੂਪਾਂਤਰਣ(ਪ੍ਰੋਜੈਕਸ਼ਨ) ਤੋਂ ਵਖਰਿਆ ਕਰਕੇ ਦੇਖਣਾ ਚਾਹੀਦਾ ਹੈ। ਰੂਪਾਂਤਰਣ ਰਾਹੀਂ ਦੂਸਰਿਆਂ ਨੂੰ ਇਨ ਬਿਨ ਆਪਣੇ ਵਰਗਾ ਚਿਤਾਰ ਕੇ ਆਪਣੇ ਮਨੋਰਥ ਬਦੋਬਦੀ ਉਹਨਾਂ ਦੇ ਸਿਰ ਮੜ੍ਹ ਦਿੱਤੇ ਜਾਂਦੇ ਹਨ। ਦੀਰਘ ਦ੍ਰਿਸ਼ਟੀ ਦੁਆਰਾ ਦੂਸਰੇ ਦੀ ਪੁਜ਼ੀਜ਼ਨ ਦਾ ਖਿਆਲ ਰੱਖ ਕੇ ਉਸ ਦੀ ਸਮਝ ਨਾਲ ਉਸ ਦੇ ਕਾਰਜ ਦੇ ਕਾਰਨਾਂ ਨੂੰ ਸਮਝਣ ਦਾ ਯਤਨ ਕੀਤਾ ਜਾਂਦਾ ਹੈ। ਖੋਜੀ, ਖੋਜੇ ਜਾਣ ਵਾਲੇ ਦੀ ਜੁੱਤੀ ਵਿਚ ਆਪ ਪੈਰ ਪਾ ਕੇ ਵੇਖਦਾ ਹੈ, ਕਿ ਕਿੱਥੋਂ ਚੁਭਦੀ ਹੈ।

## 5.3.2 ਖਿਆਲੀ ਨਮੂਨੇ (Ideal Types)

ਸਮਾਜਕ ਕਾਰਜ ਦੇ ਭਾਵ ਅਤੇ ਕਾਰਨ ਸਮਝਣ ਸਮਝਾਉਣ ਲਈ ਵੈਬਰ ਖਿਆਲੀ ਨਮੂਨੇ ਬਣਾਇਆ ਕਰਦਾ ਸੀ। ਇਹਨਾਂ ਨਾਲ ਗੁੰਝਲਦਾਰ ਘਟਨਾਵਾਂ ਦੇ ਤੱਥਾਂ ਦਾ ਆਪਸ ਵਿਚ ਮੁਕਾਬਲਾ ਕੀਤਾ ਜਾ ਸਕਦਾ ਹੈ। ਖਿਆਲੀ ਨਮੂਨੇ ਬਣਾਉਣ ਲੱਗਿਆਂ ਇਹ ਮੰਨ ਕੇ ਚਲਿਆ ਜਾਂਦਾ ਹੈ ਕਿ ਸਥਿਤੀ ਦੇ ਕੁਝ ਅੰਗ ਇਸ ਦੇ ਮਹੱਤਵਪੂਰਨ ਤੱਤ ਹਨ। ਇਹਨਾਂ ਬੁਨਿਆਦੀ ਪੱਖਾਂ ਨੂੰ ਨਿਤਾਰ ਕੇ, ਉਘਾੜ ਕੇ, ਘਟਾਅ ਵਧਾ ਕੇ, ਮਾਮੂਲੀ ਪੱਖਾਂ ਨੂੰ ਅੱਖੋਂ ਪਰੋਖੇ ਕਰਕੇ, ਖਿਆਲੀ ਮਾਡਲ ਜਾਂ ਅਮੂਰਤ ਨਮੂਨੇ ਬਣਾਏ ਜਾਂਦੇ ਹਨ। ਅਜਿਹੇ ਨਮੂਨੇ ਸ਼ਬਦ ਚਿਤਰ ਹੁੰਦੇ ਹਨ। ਇਹ ਇਕ ਮੂਰਤੀ ਜਾਂ ਤਸਵੀਰ ਵਾਂਗਰ ਇਨ ਬਿਨ ਪੂਰੇ ਪੂਰੇ ਅਨੁਪਾਤ ਨਹੀਂ ਕਢਦੇ। ਇਹ ਹੱਦਾਂ ਦਰਸਾਉਂਦੇ ਹਨ, ਅਤੇ ਕਾਰਟੂਨ ਵਾਂਗਰ ਵਿੰਗੇ ਟੇਢੇ ਹੁੰਦੇ ਹਨ। ਇੱਕੋ ਤੱਥ ਜਾਂ ਘਟਨਾ ਦੇ ਕਈ ਖਿਆਲੀ ਨਮੂਨੇ ਬਣਾਏ ਜਾ ਸਕਦੇ ਹਨ, ਅਤੇ ਇਹ ਸਾਰੇ ਸਹੀ ਹੋ ਸਕਦੇ ਹਨ।

ਖਿਆਲੀ ਨਮੂਨੇ ਬਨਾਉਣ ਵੇਲੇ ਧਿਆਨ ਵਿਚ ਰੱਖਿਆ ਜਾਂਦਾ ਹੈ, ਕਿ ਉਹਨਾਂ ਦੇ ਵਾਸਤਵ ਵਿਚ ਸੰਭਵ ਹੋ ਸਕਣ ਦਾ ਕੁਝ ਕਾਰਨ ਹੋਵੇ। ਉਹ ਸਾਡੀ ਸਮਝ ਬੂਝ ਦੇ ਉਲਟ ਨਹੀਂ ਜਾਣੇ ਚਾਹੀਦੇ। ਇਹ ਖਿਆਲੀ ਨਮੂਨਾ ਨਾ ਤਾਂ ਸੱਚਾ ਹੁੰਦਾ ਹੈ, ਅਤੇ ਨਾ ਹੀ ਝੂਠਾ। ਇਹ ਖਾਲਸ ਹੁੰਦਾ ਹੈ, ਅਸਲੀ ਨਹੀਂ। ਸੁੱਚਾ ਹੁੰਦਾ ਹੈ, ਸੱਚਾ ਨਹੀਂ। ਸਾਫ ਸੁਥਰਾ ਹੁੰਦਾ ਹੈ, ਧੁੰਦਲਾ ਨਹੀਂ। ਭਿੰਨ ਭੇਦ ਨਿਖੇੜ ਕੇ ਦੱਸਣ ਹੇਤ ਇਹ ਇਕ ਮਨੌਤ, ਘਾੜਤ, ਕਲਪਨਾ ਹੁੰਦੀ ਹੈ। ਇਹ ਸਮਝਣ, ਪਰਖਣ ਅਤੇ ਉਸਦੀ ਵਿਆਖਿਆ ਕਰਨ

ਵਿਚ ਸਹਾਈ ਹੁੰਦਾ ਹੈ। ਇੰਞ ਕਰਕੇ ਗੱਲ ਸਮਝ ਵਿਚ ਆ ਜਾਵੇ ਤਾਂ ਖਿਆਲੀ ਨਮੂਨਾ ਛਿੱਕੇ ਤੇ ਟੰਗ ਦਿੱਤਾ ਜਾਂਦਾ ਹੈ, ਸ਼ਾਇਦ ਫਿਰ ਕਿਸੇ ਵੇਲੇ ਇਸ ਦੀ ਲੋੜ ਪਵੇ। ਲੋੜ ਪੈਣ ਤੇ ਨਵੇਂ ਨਮੂਨੇ ਵੀ ਬਣਾਏ ਜਾ ਸਕਦੇ ਹਨ। ਖਿਆਲੀ ਨਮੂਨੇ ਗਿਆਨ-ਪ੍ਰਾਪਤੀ ਦਾ ਸਾਧਨ ਮਾਤਰ ਹਨ, ਆਪਣੇ ਆਪ ਵਿਚ ਗਿਆਨ ਨਹੀਂ ਹੁੰਦੇ।

ਉਦਾਹਰਣ ਲਈ, ਵੈਬਰ ਦਾ ਅਪਣਾ ਬਣਾਇਆ 'ਪੂੰਜੀਵਾਦ ਦੀ ਰੂਹ' ਦਾ ਖਿਆਲੀ ਨਮੂਨਾ ਲਵੋ। ਇਸ ਵਿਚ ਉਸ ਨੇ ਨਿਮਨ ਲਿਖਿਤ ਤੱਤ ਸ਼ਾਮਲ ਕੀਤੇ : ਕਿੱਤੇ ਦੀ ਸੁਤੰਤਰਤਾ, ਨਿੱਜੀ ਮੁਨਾਫੇ ਦੀ ਚਾਹ, ਗਿਣਨ ਮਿਥਣ ਦੀ ਯੋਗਤਾ, ਕੰਮ ਧੰਦੇ ਰਾਹੀਂ ਜੁਗਤ ਨਾਲ ਲਾਭ ਦਾ ਮਨੋਰਥ, ਜਿਥੋਂ ਮਿਲੇ ਸਸਤਾ ਮਾਲ ਲੈਣਾ, ਅਤੇ ਜਿੱਥੇ ਹੋ ਸਕੇ ਮਹਿੰਗਾ ਵੇਚਣਾ ਵਿਸਥਿਤ ਮੰਡੀਆਂ ਰਾਹੀਂ ਖਰੀਦਣਾ ਵੇਚਣਾ। ਇਸ ਮਾਡਲ ਵਿਚ ਉਤਪਾਦਨ ਦੀ ਇਕਾਈ ਪਰਵਾਰ ਨਹੀਂ, ਵਿਅਕਤੀ ਹੈ। ਵੈਬਰ ਨੇ ਜਾਣ ਬੁੱਝ ਕੇ ਸੂਦਖੋਰੀ, ਰਾਜਨੀਤਿਕ ਗਤੀਵਿਧੀਆਂ ਰਾਹੀਂ ਲਾਭ ਅਤੇ ਉਪਨਿਵੇਸ਼ਵਾਦੀ ਸੋਸ਼ਣ ਨੂੰ ਇਸ ਮਾਡਲ ਦੇ ਅੰਗ ਨਹੀਂ ਮੰਨਿਆ। ਉਸ ਨੇ ਖਤਰੇ ਸਹੇੜ ਕੇ ਅੰਨ੍ਹੇ ਵਾਹ ਰੁਪਿਆ ਪੈਸਾ ਕਮਾਉਣ ਦੀ ਦੌੜ ਨੂੰ ਵੀ ਪੂੰਜੀਵਾਦ ਦਾ ਤੱਤ ਮੰਨਣ ਤੋਂ ਇਨਕਾਰ ਕੀਤਾ। ਵੈਬਰ ਦਾ ਪੂੰਜੀਵਾਦ ਸਮਝਦਾਰੀ ਤੋਂ ਕੰਮ ਲੈਂਦਾ ਹੈ, ਲੁੱਟ ਖਸੁੱਟ ਨਹੀਂ ਕਰਦਾ।ਸਾਰਅੰਸ਼ ਇਹ ਕਿ ਪੂੰਜੀਵਾਦ ਅਨੁਸ਼ਾਸ਼ਨ ਵਿਚ ਰਹਿ ਕੇ ਉੱਦਮ ਨਾਲ ਨਫਾ ਖੱਟਣ ਦਾ ਵਿਵੇਕਸ਼ੀਲ ਸਾਧਨ ਹੈ। ਅੱਗੇ ਚੱਲ ਕੇ ਇਹ ਸਪੱਸ਼ਟ ਹੋ ਜਾਵੇਗਾ ਕਿ ਉਸ ਨੇ ਇਸ ਤਰ੍ਹਾਂ ਇਹ ਖਿਆਲੀ ਨਮੂਨਾ ਬਣਾ ਕੇ ਸਮਾਜਕ ਪਰਵਰਤਨ ਨੂੰ ਸਮਝਣ ਸਮਝਾਉਣ ਦਾ ਯਤਨ ਕੀਤਾ।

## 5.3.3 ਮੁੱਲ ਨਿਰਪੱਖਤਾ (Objectivity)

ਮੈਕਸ ਵੈਬਰ ਦਾ ਸਮਾਜਵਿਗਿਆਨਕ ਤੱਥਾਂ ਨੂੰ ਕਦਰਾਂ ਕੀਮਤਾਂ ਤੋਂ ਨਿਖੇੜ ਕੇ ਜੁਗਤ ਅਤੇ ਤਰਕਸੰਗਤ ਵਿਧੀ ਨਾਲ ਸਮਝਣ ਦਾ ਰਾਹ ਦੱਸਦਾ ਹੈ। ਮੁੱਲ ਜਾਂ ਕਦਰ ਉਹ ਗੱਲ ਹੁੰਦੀ ਹੈ ਜਿਹੜੀ ਅਸੀਂ ਚੰਗੀ ਮੰਨੀਏਉਸ ਤੇ ਅਮਲ ਕਰੀਏ ਭਾਵੇਂ ਨਾ ਕਰੀਏ। ਸਚਾਈ, ਸੁੰਦਰਤਾ, ਸਿਹਤ, ਅਣਖ, ਧਨ ਦੌਲਤ ਸਬੰਧੀ ਵਿਸ਼ਵਾਸਾਂ ਨਾਲ ਲੋਕਾਂ ਦੀਆਂ ਕਦਰਾਂ ਕੀਮਤਾਂ ਜੁੜੀਆਂ ਹੋਈਆਂ ਹੁੰਦੀਆਂ ਹਨ।ਕਦਰਾਂ ਵਿਵੇਕ ਤੇ ਨਹੀਂ, ਵਿਸ਼ਵਾਸ ਤੇ ਅਧਾਰਤ ਹੁੰਦੀਆਂ ਹਨ। ਵੱਖੋ ਵੱਖਰੀਆਂ ਕਦਰਾਂ ਦੇ ਆਪਸ ਵਿੱਚੋਂ, ਵਾਸਤਵਿਕਤਾ ਅਤੇ ਕਦਰਾਂ ਵਿਚੋਂ ਬੰਦਿਆਂ ਦੇ ਮਨ ਅੰਦਰ ਭਿੰਨ ਭਿੰਨ ਕਦਰਾਂ ਵਿੱਚੋਂ, ਉਚਿਤ ਮੰਨਣ ਲਈ ਚੋਣ ਕਰਨ ਵਾਸਤੇ , ਨਿਰੰਤਰ ਸੰਘਰਸ਼ ਚਲਦਾ ਹੀ ਰਹਿੰਦਾ ਹੈ। ਜੋ ਕੁਝ ਲੋਕੀਂ ਮੰਨ ਲੈਣ, ਉਹੋ ਕੁਝ ਠੀਕ ਹੋ ਜਾਂਦਾ ਹੈ। ਵੈਬਰ ਦਾ ਮੁੱਲ ਨਿਰਪੱਖਤਾ ਸਿਧਾਂਤ ਸਮਾਜਵਿਗਿਆਨ ਨੂੰ ਸੱਚੀ ਮੁੱਚੀ ਵਿਗਿਆਨ ਬਣਾ ਕੇ ਵੇਖਣਾ ਚਾਹੁੰਦਾ ਹੈ। ਵੈਬਰ ਸਮਾਜਵਿਗਿਆਨੀਆਂ ਤੋਂ ਆਸ ਰੱਖਦਾ ਹੈ ਕਿ ਉਹ ਖੁਲ੍ਹਮ ਖੁੱਲਾ ਆਪਣੀ ਪਾਰਟੀ ਦਾ ਪਰਚਾਰ ਨਾ ਕਰਨ, ਅਤੇ ਨਾ ਹੀ ਆਪਣੀਆਂ ਕਦਰਾਂ ਕੀਮਤਾਂ ਜਾਂ ਅਪਣੀ ਟੋਲੀ ਦੇ ਪੱਖਪਾਤ ਨੂੰ ਗੱਲ ਸਮਝਣ ਵਿਚ ਰੋੜਾ ਬਨਣ ਦੇਣ। ਵੈਸੇ, ਵੈਬਰ ਨੇ ਅਪਣੀ ਦੱਸੀ ਖੋਜਵਿਧੀ ਦੀ ਆਪੇ ਉਲੰਘਣਾ ਕੀਤੀ ਹੈ। ਉਸਦੀ ਖੋਜ ਵਿਧੀ ਅਤੇ ਉਸ ਦੇ ਬਣਾਏ ਸਿਧਾਤਾਂ ਵਿਚਕਾਰ ਖਾਸੀ ਵਿੱਥ ਹੈ।

ਵਿਗਿਆਨ ਅਤੇ ਨੈਤਿਕਤਾ ਵਿਚਕਾਰ ਇਹ ਫਰਕ ਹੈ, ਕਿ ਵਿਗਿਆਨ ਕਿਸੇ ਨੂੰ ਬੁਰਾ ਭਲਾ ਨਹੀਂ ਆਖਦਾ। ਵਿਗਿਆਨ ਸਾਡੀ ਨੀਤ ਅਤੇ ਯੋਗਤਾ ਦੀ ਗੱਲ ਤਾਂ ਕਰਦਾ ਹੈ, ਪਰ ਇਹ ਨਹੀਂ ਦਸਦਾ, ਕਿ ਸਾਨੂੰ ਕੀ ਕਰਨਾ ਚਾਹੀਦਾ ਹੈ। ਵਿਗਿਆਨ ਉਸਤਤਿ ਅਤੇ ਨਿੰਦਿਆ ਨੂੰ ਤਿਆਗ ਕੇ, ਹਕੀਕਤ ਦਾ ਬਿਆਨ ਕਰਦਾ ਹੈ। ਕਦਰਾਂ ਕੀਮਤਾਂ ਜੁਗਤਹੀਣ ਤਰਕਹੀਣ ਵਿਸ਼ਵਾਸਾਂ ਉੱਤੇ ਅਧਾਰਤ ਹੁੰਦੀਆਂ ਹਨ। ਇਕ ਵਿਗਿਆਨੀ ਆਪਹੁਦਰਾ ਨਾ ਹੋ ਕੇ ਵਾਸਤਵਿਕਤਾ ਦੇ ਕਾਰਨਾਂ ਅਤੇ ਨਤੀਜਿਆਂ ਨੂੰ ਨਿਰਪੱਖ ਹੋ ਕੇ ਲਭਦਾ ਹੈ। ਵਿਗਿਆਨ ਅਤੇ ਨੈਤਿਕਤਾ ਵਿਚ ਭੇਦ ਦੱਸ ਕੇ ਵੈਬਰ ਨੇ ਸਮਾਜਕ ਅਨੁਸੰਧਾਨ ਵਾਸਤੇ 'ਹੈ' ਅਤੇ ਚਾਹੀਦਾ ਹੈ' ਵਿਚਕਾਰ ਫਰਕ ਤੇ ਜ਼ੋਰ ਪਾਇਆ। ਇਸ ਕਰਕੇ ਕੁਝ ਲੋਕ ਵੈਬਰ ਨੂੰ ਮੌਕਾਪ੍ਰਸਤਾਂ ਦਾ ਗੁਰੂ ਆਖ ਕੇ ਭੰਡਦੇ ਹਨ। ਪਰ ਇਹ ਠੀਕ ਨਹੀਂ। ਵੈਬਰ ਦੇ ਮੁੱਲ ਮੁਕਤ ਅਨੁਸੰਧਾਨ ਦਾ ਇਹ

ਅਰਥ ਨਹੀਂ ਕਿ ਖੋਜੀ ਅਪਣੇ ਨਿੱਜੀ ਜੀਵਨ ਵਿੱਚ ਸਮਾਜਕ ਕੀਮਤਾਂ ਤੋਂ ਮੁਨਕਰ ਹੋ ਜਾਵੇ। ਸਗੋਂ ਉਸ ਨੇ ਜ਼ੋਰ ਦੇ ਕੇ ਆਖਿਆ ਕਿ ਸਮਾਜਕ ਕੀਮਤਾਂ ਹੀ ਤੱਥਾਂ ਨੂੰ ਸਾਰਥਕਤਾ ਪਰਦਾਨ ਕਰਦੀਆਂ ਹਨ। ਕਦਰਾਂ ਕੀਮਤਾਂ ਬਿਨਾ ਮਨੁੱਖੀ ਜੀਵਨ ਨਿਰ-ਅਰਥ ਹੈ। ਨਿਰਪੱਖ ਖੋਜ ਦਾ ਭਾਵ ਇਹ ਨਹੀਂ ਕਿ, ਖੋਜੇ ਜਾ ਰਹੇ ਸਮਾਜ ਦੀਆਂ ਕਦਰਾਂ ਕੀਮਤਾਂ ਵੱਲੋ ਬੇਪਰਤੀਤੀ ਵਰਤੀ ਜਾਵੇ। ਵੈਬਰ ਨੇ ਸਾਫ ਕਿਹਾ ਹੈ, ਕਿ ਵਿਗਿਆਨਕ ਵਾਸਤਵਿਕਤਾ ਨੂੰ ਬੇਅਸੂਲੀ ਜਾਂ ਨੈਤਿਕ ਲਾਪਰਵਾਹੀ ਨਾਲ ਬਰਾਬਰੀ ਨਹੀਂ ਦਿੱਤੀ ਜਾ ਸਕਦੀ। ਮੁੱਲ ਨਿਰਪਖਤਾ ਦਾ ਅਰਥ ਇਹ ਹੈ, ਕਿ ਵਿਸ਼ੇ ਵਸਤੂ ਨੂੰ ਨਿੱਜੀ ਕਦਰਾਂ ਕੀਮਤਾਂ ਜਾਂ ਹਿਤਾਂ ਦੀ ਪਾਣ ਚੜ੍ਹਾ ਕੇ ਨਹੀਂ ਪਰਖਣਾ। ਖੋਜੇ ਜਾ ਰਹੇ ਲੋਕ ਆਪਣੇ ਵਿਚਾਰਾਂ ਨੂੰ ਜਿਵੇਂ ਮੰਨਦੇ ਹਨ, ਅਪਣੇ ਅਮਲ ਨੂੰ ਅਪਣੇ ਆਪ ਜੋ ਅਰਥ ਦਿੰਦੇ ਹਨ, ਖੋਜੀ ਦੀ ਅਪਣੀ ਮੁਰਾਦ ਤੋਂ ਆਜ਼ਾਦ ਹੋ ਕੇ ਹੀ ਸਮਝੇ ਪਰਖੇ ਜਾ ਸਕਦੇ ਹਨ। ਉਦਾਹਰਨ ਲਈ : ਭਾਈ ਮਨੀ ਸਿੰਘ ਦੀ ਸ਼ਹੀਦੀ ਦਾ ਅਸਲੀ ਅਰਥ ਕਿਸੇ ਰਾਸ਼ਟਰਵਾਦੀ ਇਤਿਹਾਸਕਾਰ ਦੇ ਮਨ ਦਾ ਰੂਪਾਂਤਰਣ ਨਹੀਂ ਹੋ ਸਕਦਾ। ਇਹ ਅਰਥ ਸਿੱਖਾਂ ਦੀ ਇਕਾਗਰਚਿੱਤ ਹੋ ਕੇ ਕੀਤੀ ਅਰਦਾਸ ਤੋਂ ਬੇਲਾਗ ਹੋ ਕੇ ਹੀ ਸਮਝਿਆ ਜਾ ਸਕਦਾ ਹੈ। ਅਨੁਸੰਧਾਨਕਰਤਾ ਨੂੰ ਅਨੁਸਾਧਾਨ ਕਰਨ ਵੇਲੇ ਪਾਰਟੀ ਬਾਜ਼ੀ ਤੋਂ ਬੇਲਾਗ ਰਹਿਣ ਦੀ ਲੋੜ ਹੁੰਦੀ ਹੈ। ਖੋਜ ਦੇ ਵਿਸ਼ੇ-ਵਸਤੂ ਨੂੰ ਇਕ ਵਿਗਿਆਨੀ ਦੇ ਚਿੰਤਨ ਦੀਆਂ ਉਡਾਰੀਆਂ ਨਾਲ ਸਿਰਜੇ ਕਬੂਰਤਰਖਾਨਿਆਂ ਵਿਚ ਕੈਦ ਨਹੀਂ ਕੀਤਾ ਜਾ ਸਕਦਾ। ਖੋਜੇ ਜਾ ਰਹੇ ਲੋਕਾਂ ਨੂੰ ਉਹਨਾਂ ਦੇ ਆਪਣੇ ਸੋਚਣ ਦੇ ਢੰਗ ਅਨੁਸਾਰ ਸਮਝਣ ਦੀ ਲੋੜ ਹੁੰਦੀ ਹੈ। ਭਾਵ ਇਹ, ਕਿ ਮੈਕਸ ਵੈਬਰ ਨੇ ਕਿਸੇ ਨੂੰ ਮੌਕਾ-ਪ੍ਰਸਤ ਬਨਣ ਦੀ ਪ੍ਰੇਰਨਾ ਨਹੀਂ ਦਿੱਤੀ। ਉਸਨੇ ਤਾਂ ਗੱਲ ਸਮਝਣ ਵੇਲੇ ਪਾਰਟੀਬਾਜ਼ੀ ਤੋਂ ਉੱਪਰ ਉਠ ਕੇ ਪੂਰੀ ਗੱਲ ਸਮਝਣ ਦੀ ਤਾਕੀਦ ਕੀਤੀ ਹੈ।

ਇਹ ਸਭ ਕੁਝ ਕਹਿਣ ਦਾ ਮਤਲਬ ਇਹ ਹੋਇਆ ਕਿ ਲੋਕਾਂ ਨੂੰ ਉਹਨਾਂ ਦੀਆਂ ਅਪਣੀਆਂ ਸਭਿਆਚਾਰਕ ਕੀਮਤਾਂ ਸਮਝੇ ਬਗੈਰ ਸਮਝਿਆ ਨਹੀ ਜਾ ਸਕਦਾ। ਪਰ ਉਹਨਾਂ ਦੀਆਂ ਕਦਰਾਂ ਕੀਮਤਾਂ ਸਮਝਣ ਲੱਗਿਆਂ ਅਪਣੀਆਂ ਕਦਰਾਂ ਕੀਮਤਾਂ ਉਹਨਾਂ ਦੇ ਸਿਰ ਨਹੀਂ ਮੜ੍ਹਨੀਆਂ ਚਾਹੀਦੀਆਂ।

## 5.4 ਸਮਾਜਿਕ ਕਾਰਜ (Social Action)

ਸਮਾਜਿਕ ਕਾਰਜ ਬਾਰੇ ਗੱਲ ਕਰਨ ਤੋਂ ਪਹਿਲਾਂ ਇਹ ਵੇਖਣਾ ਬੇਹਤਰ ਰਹੇਗਾ ਕਿ ਮੈਕਸ ਵੈਬਰ ਨੇ ਸਮਾਜ ਵਿਗਿਆਨ ਦੀ ਕੀ ਪਰਿਭਾਸ਼ਾ ਦਿੱਤੀ ਹੈ?

ਸਮਾਜ ਵਿਗਿਆਨ ਉਹ ਵਿਗਿਆਨ ਹੈ ਜੋ ਸਮਾਜਿਕ ਕ੍ਰਿਆਵਾਂ ਦਾ ਵਿਖਿਆਤਮਕ ਬੋਧ ਕਰਵਾਉਣ ਦਾ ਯਤਨ ਕਰਦਾ ਹੈ। (Max Weber : Theory of Social and Economic Organisation)

ਮੈਕਸ ਵੈਬਰ ਸਮਾਜ ਵਿਗਿਆਨ ਨੂੰ ਇਕ ਵਿਸ਼ੇਸ਼ ਵਿਗਿਆਨ ਦੇ ਰੂਪ ਵਿਚ ਮੰਨਦਾ ਸੀ। ਉਸ ਅਨੁਸਾਰ, ਸਮਾਜ ਵਿਗਿਆਨ ਦਾ ਮੰਤਵ ਸਮਾਜਿਕ ਵਿਵਹਾਰਾਂ ਦੀ ਵਿਆਖਿਆ ਕਰਨਾ ਅਤੇ ਉਨ੍ਹਾਂ ਨੂੰ ਸਮਝਣਾ ਹੈ। ਵੈਬਰ ਭਾਵੇਂ ਸਮਾਜਿਕ ਵਿਵਹਾਰਾਂ ਦੇ ਖੇਤਰ ਨੂੰ ਬਹੁਤ ਵੱਡਾ ਮੰਨਦਾ ਹੈ, ਪਰ ਉਸ ਦਾ ਇਹ ਮੰਤਵ ਸੀ ਕਿ ਮਾਨਵੀ ਸਬੰਧਾਂ ਦੇ ਇਸ ਵਿਸ਼ਾਲ ਖੇਤਰ ਵਿਚ ਘਟਣ ਵਾਲੀਆਂ ਸਾਰੀਆਂ ਘਟਨਾਵਾਂ ਸਮਾਜਿਕ ਵਿਵਹਾਰ ਨਹੀਂ ਹੁੰਦੀਆਂ। ਸਮਾਜਿਕ ਵਿਵਹਾਰ ਉਹ ਕ੍ਰਿਆ ਹੁੰਦੀ ਹੈ ਜਿਸ ਨੂੰ ਕਰਨ ਸਮੇਂ ਕਰਨ ਵਾਲਾ ਦੂਜਿਆਂ ਦੇ ਵਿਵਹਾਰ ਤੋਂ ਪ੍ਰਭਾਵਤ ਹੁੰਦਾ ਹੈ ਅਤੇ ਜੋ ਦੂਜਿਆਂ ਦੇ ਵਿਵਹਾਰ ਦੁਆਰਾ ਨਿਸ਼ਚਿਤ ਹੁੰਦੀ ਹੈ। ਸਮਾਜ ਸ਼ਾਸਤਰ ਦਾ ਸਬੰਧ ਕੇਵਲ ਵਿਹਾਰਾਂ ਨਾਲ ਹੈ।

ਇਸ ਤੋਂ ਭਾਵ ਹੈ ਕਿ ਸਮਾਜਕ ਕਾਰਜ ਸਮਾਜ ਦ੍ਰਿਸ਼ਮਾਨੀ ਹੈ। ਮੈਕਸ ਵੈਬਰ ਜ਼ਿਆਦਾ ਖੁਲ੍ਹੇ ਕਾਰਜ ਨੂੰ ਸਮਾਜਿਕ ਕਾਰਜ ਨਹੀਂ ਸੀ ਮੰਨਦਾ। ਇਸ ਦਾ ਕੋਈ ਸਮਾਜਿਕ ਭਾਵ ਹੋਣਾ ਚਾਹੀਦਾ ਹੈ। ਕੋਈ ਵੀ ਕਾਰਜ ਜੋ ਸਿਰਫ ਨਿਰਜੀਤ ਵਸਤ ਵੱਲ ਦ੍ਰਿਸ਼ਮਾਨ ਹੁੰਦਾ ਹੈ, ਸਮਾਜਿਕ ਕਾਰਜ ਨਹੀਂ ਹੁੰਦਾ। ਇਸੇ

ਤਰ੍ਹਾਂ ਹਰ ਉਹ ਸਮਾਜਿਕ ਕਾਰਜ ਜਿਸ ਦਾ ਆਧਾਰ ਨਕਲ ਹੀ ਹੁੰਦੀ ਹੈ, ਉਹ ਵੀ ਸਮਾਜਿਕ ਕਾਰਜ ਨਹੀਂ ਕਿਹਾ ਜਾ ਸਕਦਾ। ਸਮਾਜਿਕ ਕਾਰਜ ਦਾ ਕੋਈ ਨਾ ਕੋਈ ਸੰਬੰਧ ਦੂਜਿਆਂ ਦੇ ਕਾਰਜ ਨਾਲ ਹੋਣਾ ਚਾਹੀਦਾ ਹੈ।

ਸਮਾਜਿਕ ਕਾਰਜਾਂ ਦੇ ਬਾਰੇ ਮੈਕਸ ਵੈਬਰ ਦਾ ਵਿਚਾਰ ਸੀ ਕਿ ਕਾਰਜ ਦਾ ਭਾਵ ਅਜਿਹਾ ਮਨੁੱਖੀ ਕਾਰ–ਵਿਹਾਰ ਜਿਸ ਨਾਲ ਕਾਰਜ ਕਰਤਾ ਦਾ ਅੰਤਰੀਵ ਭਾਵ ਜੁੜਿਆ ਹੋਇਆ ਹੋਵੇ। ਬਿਨ੍ਹਾਂ ਅੰਤਰੀਵ ਭਾਵ ਕੋਈ ਕਾਰਜ ਨਹੀਂ ਹੁੰਦਾ। ਜਦੋਂ ਕੋਈ ਕਾਰਜ ਕਰਤਾ ਆਪਣੇ ਮਨੋਭਾਵ ਅਨੁਸਾਰ ਦੂਸਰਿਆਂ ਦੇ ਕਾਰਜ ਦਾ ਧਿਆਨ ਕਰਕੇ, ਉਨ੍ਹਾਂ ਦਾ ਅਰਥ ਕੱਢ ਕੇ ਸੋਚਦਾ ਕਹਿੰਦਾ ਜਾਂ ਕਰਦਾ ਹੈ ਤਾਂ ਇਸ ਨੂੰ ਸਮਾਜਿਕ ਕਾਰਜ ਕਹਿੰਦੇ ਹਨ।

ਕੁਝ ਕਰਨਾ ਜਾਂ ਨਾ ਕਰਨਾ ਸਧਾਰਨ ਕਾਰਜ ਹੋ ਸਕਦੇ ਹਨ। ਅਜਿਹਾ ਕਾਰਜ ਪ੍ਰਤੱਖ ਦਖਲ ਵੀ ਹੋ ਸਕਦਾ ਹੈ ਅਤੇ ਚੁੱਪ ਰਹਿ ਕੇ ਮੰਨ ਲੈਣਾ ਵੀ। ਸਮਾਜਿਕ ਕਾਰਜ ਪਿਛਲੇ ਅਜੋਕੇ ਜਾਂ ਆਉਣ ਵਾਲੇ ਕਾਰਜ ਦਾ ਧਿਆਨ ਧਰ ਕੇ ਕੀਤਾ ਜਾ ਸਕਦਾ ਹੈ। ਇਹ ਵਿਅਕਤੀ ਤੇ ਜਾਣੇ ਜਾਂ ਅਣਜਾਣੇ ਵੀ ਹੋ ਸਕਦੇ ਹਨ। ਉਦਾਹਰਣ ਲਈ ਬੇਇਤਬਾਰੀ, ਰੋਸਾ, ਖੁੰਧਕ, ਬਦਲਾ, ਦੋਸਤੀ ਪਿਆਰ ਵਰਗੇ ਭਾਵ ਸਮਾਜਿਕ ਕਾਰਜ ਹਨ।

## 5.5 ਸਮਾਜਿਕ ਕਾਰਜ ਦੀਆਂ ਕਿਸਮਾਂ (Types of Social Action)

ਜੇ ਅਸੀਂ ਸਮਾਜਿਕ ਕਾਰਜ ਨੂੰ ਬਹੁਤ ਹੀ ਚੰਗੀ ਤਰ੍ਹਾਂ ਸਮਝਣਾ ਚਾਹੁੰਦੇ ਹਾਂ ਤਾਂ ਸਾਨੂੰ ਸਮਾਜਿਕ ਕਾਰਜ ਦੀਆਂ ਕਿਸਮਾਂ ਨੂੰ ਚੰਗੀ ਤਰ੍ਹਾਂ ਸਮਝਣ ਦੀ ਜ਼ਰੂਰਤ ਹੈ। ਵੈਬਰ ਨੇ ਕਾਰਜ ਨੂੰ ਵਿਵੇਕ ਦੀ ਮਾਤਰਾ ਮੁਤਾਬਕ ਚਾਰ ਕਿਸਮਾਂ ਵਿਚ ਵੰਡਿਆ ਹੈ :

### 5.5.1 ਰਵਾਇਤੀ ਕਾਰਜ (Traditional Action)

ਜੋ ਸਮਾਜਿਕ ਕਾਰਜ ਰੀਤੀ ਰਿਵਾਜਾਂ ਦੇ ਦਬਾਅ ਕਾਰਨ ਕੀਤੇ ਜਾਂਦੇ ਹਨ ਉਹਨਾਂ ਕਾਰਜਾਂ ਨੂੰ ਇਸ ਕਿਸਮ ਹੇਠ ਲਿਆਂਦਾ ਜਾਂਦਾ ਹੈ। ਜੋ ਸਮਾਜਿਕ ਕਾਰਜ ਸਾਡੇ ਵੱਡੇ ਵਡੇਰੇ ਕਰਦੇ ਸਨ ਅਤੇ ਅੱਜ ਉਹ ਅਸੀਂ ਵੀ ਕਰ ਰਹੇ ਹਾਂ ਉਹ ਕਾਰਜ ਵੀ ਇਸੇ ਕਿਸਮ ਥੱਲੇ ਆਉਂਦੇ ਹਨ। ਤਕਰੀਬਨ ਜੋ ਮਨੁੱਖ ਇਹ ਕਾਰਜ ਕਰਦੇ ਹਨ ਉਹਨਾਂ ਨੂੰ ਰੀਤੀ ਰਿਵਾਜਾਂ ਦੁਆਰਾ ਦਬਾਓ ਪਾਇਆ ਜਾ ਰਿਹਾ ਹੈ। ਜਿਵੇਂ ਵਿਆਹ ਵੇਲੇ ਲਾੜੇ ਦਾ ਘੋੜੀ ਚੜ੍ਹਨਾ, ਦਾੜ੍ਹੀ–ਮੁੱਛਾਂ ਨਾ ਮੁਨਾਉਣਾ, ਡੋਲੀ ਚੜ੍ਹਦਿਆਂ ਡੁਸਕਣਾ, ਸਹੁਰੇ ਦਾ ਨਾਂ ਨਾ ਲੈਣਾ ਆਦਿ।

### 5.5.2 ਭਾਵਨਾਤਮਕ ਕਾਰਜ (Emotional or Affectual Action)

ਇਹ ਕਾਰਜ ਉਸ ਸਮੇਂ ਵਾਪਰਦਾ ਹੈ ਜਦੋਂ ਦੂਜਿਆਂ ਦੇ ਵਤੀਰੇ ਪ੍ਰਤੀ ਸਾਡੀ ਜ਼ਿੰਮੇਵਾਰੀ ਨਿਭਾਈ ਜਾਣੀ ਹੈ ਜਿਵੇਂ ਪਿਆਰ, ਮਿੱਤਰਤਾ, ਨਫਰਤ ਅਤੇ ਗੁੱਸੇ ਆਦਿ ਦੇ ਸੰਦਰਭ ਵਿਚ, ਅਜਿਹੇ ਕਾਰਜ ਬਹੁਤ ਹੀ ਤਿੱਖੀ ਭਾਵਨਾ ਅਤੇ ਭਾਵ ਦੇ ਹੇਠ ਕੀਤੇ ਜਾਂਦੇ ਹਨ। ਇਹ ਜ਼ਰੂਰੀ ਨਹੀਂ ਕਿ ਇਹ ਕਾਰਜ ਤਰਕਸੰਗਤ ਹੋਣ। ਅਜਿਹੇ ਕਾਰਜ ਦਾ ਮਨੋਰਥ ਭਾਵਨਾਵਾਂ ਦੀ ਤਰਿਪਤੀ ਹੁੰਦਾ ਹੈ।

### 5.5.3 ਮੁਲਾਂਕਣ ਸੰਬੰਧੀ ਕਾਰਜ ਜਾਂ ਕਦਰ–ਜੁਗਤੀ ਕਾਰਜ (Value-oriented rational action)

ਇਹ ਕਾਰਜ ਧਾਰਮਿਕ ਸਹਜ ਅਤੇ ਨੈਤਿਕ ਕੀਮਤਾਂ ਦੇ ਪ੍ਰਭਾਵ ਹੇਠ ਕੀਤੇ ਜਾਂਦੇ ਹਨ। ਇਹਨਾਂ ਕਾਰਜਾਂ ਦਾ ਆਧਾਰ ਵੀ ਤਰਕ ਨਹੀਂ ਹੁੰਦਾ। ਅਸੀਂ ਕਿਸੇ ਖਾਸ ਢੰਗ ਨਾਲ ਕਾਰਜ ਕਰਦੇ ਹਾਂ ਕਿਉਂਕਿ ਦੂਜੇ ਸਾਨੂੰ ਉਹਨਾਂ ਪ੍ਰਤਿਮਾਨਾਂ ਅਨੁਸਾਰ ਕਾਰਜ ਕਰਨਾ ਸਵੀਕਾਰ ਕਰਦੇ ਹਨ। ਪਰ ਅਸੀਂ ਇਸ ਬਾਰੇ ਨਹੀਂ ਜਾਣਦੇ ਹੁੰਦੇ ਕਿ ਅਸੀਂ ਇਹਨਾਂ ਵਿਚੋਂ ਕੁਝ ਪ੍ਰਾਪਤ ਕਰ ਸਕਾਂਗੇ ਜਾਂ ਨਹੀਂ। ਇਹ ਕਾਰਜ ਅਸੀਂ

ਪਦਾਰਥਕ ਲਾਭ ਵਾਸਤੇ ਨਹੀਂ ਸਗੋਂ ਸਾਡੇ ਉਪਰ ਪਈ ਜ਼ਿੰਮੇਵਾਰੀ ਕਰਕੇ ਕਰਦੇ ਹਾਂ। ਭਾਵ ਨਿੱਜੀ ਸਫਲਤਾ ਦੀ ਚਿੰਤਾ ਕੀਤੇ ਬਿਨ੍ਹਾਂ, ਸਹਜ, ਸੁਤਰਤਾ, ਇਸ਼ਕ ਜਾਂ ਹੋਰ ਕਦਰਾਂ-ਕੀਮਤਾਂ ਦੀ ਪ੍ਰਾਪਤੀ ਵਾਸਤੇ ਹਿੰਮਤ ਕਰਨੀ।

## 5.5.4 ਮੰਤਵ ਜੁਗਤੀ ਕਾਰਜ (Goal-oriented rational action)

ਅਜਿਹੇ ਕਾਰਜ ਸਾਧਨਾਂ ਅਤੇ ਉਦੇਸ਼ਾਂ ਨੂੰ ਮੱਦੇ ਨਜ਼ਰ ਰੱਖ ਕੇ ਕੀਤੇ ਜਾਂਦੇ ਹਨ। ਜਦੋਂ ਅਸੀਂ ਲਾਭ ਹਾਨੀਆਂ ਦਾ ਪਤਾ ਲਾ ਲੈਂਦੇ ਹਾਂ ਤਾਂ ਕਾਰਜ ਕਰਦੇ ਹਾਂ। ਅਜਿਹੇ ਕਾਰਜ ਕਰਦੇ ਸਮੇਂ ਅਸੀਂ ਪਦਾਰਥਕ ਲਾਭ ਦੀ ਆਸ਼ਾ ਕਰਦੇ ਹਾਂ। ਪਰ ਨੁਕਸਾਨ ਹੋਣ ਤੋਂ ਬਚਦੇ ਹਾਂ। ਉਦੇਸ਼ ਤਹਿ ਕਰਕੇ ਉਹਨਾਂ ਦੀ ਪ੍ਰਾਪਤੀ ਲਈ ਪੂਰਾ ਜਮ੍ਹਾਂ ਘਟਾਓ ਕਰਕੇ ਕਾਰਜ ਕਰਨ ਲਈ ਤਿਆਰ ਹੋਣਾ। ਹਮੇਸ਼ਾ ਲੇਖਾ ਜੋਖਾ ਕਰਕੇ ਕਾਰਜ ਕਰਨਾ ਨਾ ਕਿ ਮਨ ਦੇ ਮਗਰ ਲਗ ਤੁਰਨਾ। ਹਮੇਸ਼ਾਂ ਉਦੇਸ਼ ਕਾਫੀ ਸੋਚ ਵਿਚਾਰ ਤੋਂ ਬਾਅਦ ਹੀ ਤਹਿ ਕੀਤੇ ਜਾਂਦੇ ਹਨ। ਤਹਿ ਕਰਨ ਤੋਂ ਪਹਿਲਾਂ ਵੇਖ ਲਿਆ ਜਾਂਦਾ ਹੈ ਪਹਿਲਾਂ ਕੀ ਕਰਨਾ ਹੈ ਬਾਅਦ ਵਿਚ ਕੀ ਕਰਨਾ ਹੈ।

ਅਸਲ ਵਿਚ ਵੈਬਰ ਦਾ ਸਮਾਜ ਸ਼ਾਸਤਰ, ਸਮਾਜਿਕ ਕਾਰਜਾਂ ਦਾ ਸਮਾਜ ਵਿਗਿਆਨ ਹੈ ਅਤੇ ਇਹ ਸਮਾਜਿਕ ਕਾਰਜਾਂ ਦੇ ਸੰਕਲਪ ਤੇ ਆਧਾਰਤ ਹੈ।

**5.6 ਸਾਰ :** ਮੈਕਸ ਵੈਬਰ ਨੂੰ ਮਾਡਰਨ ਸ਼ੋਸਿਆਲੌਜੀ ਦਾ ਪਿਤਾਮਾ ਮੰਨਿਆ ਜਾਂਦਾ ਹੈ। ਉਸ ਦੀ ਸੋਸ਼ਿਆਲੋਜੀ ਨੂੰ ਵਿਖਿਆਤਮਕ ਸੋਸ਼ਿਔਲੌਜੀ ਵਜੋਂ ਜਾਣਿਆ ਜਾਂਦਾ ਹੈ। ਕਿਉਂਕਿ ਉਹ ਲੋਕਾਂ ਦੇ ਸਮਾਜਕ ਕਾਰਜ ਦਾ ਵਿਖਿਆਤਮ ਅਧਿਐਨ ਕਰਦੀ ਹੈ। ਕਿਉਂਕਿ ਕਾਰਜ ਕਰਤਾ ਆਪਣੇ ਕਾਰਜ ਨਾਲ ਕੋਈ ਨਾ ਕੋਈ ਭਾਵ ਜ਼ਰੂਰ ਜੋੜਦਾ ਹੈ ਅਤੇ ਉਸੇ ਭਾਵ ਦਾ ਅਧਿਐਨ ਕਰਨਾ ਹੀ ਸੋਸ਼ਿਆਲੌਜੀ ਦਾ ਕੰਮ ਹੈ। ਵੇਬਰ ਨੇ ਤਿੰਨ ਤਰ੍ਹਾਂ ਦੇ ਸਮਾਜਿਕ ਕਾਰਜਾਂ ਦੀ ਵਿਆਖਿਆ ਕੀਤੀ ਹੈ ਜਿਨ੍ਹਾਂ ਅਸੀਂ ਉਪਰ ਵਿਸਥਾਰ ਪੂਰਵਕ ਵਰਣਨ ਕਰ ਚੁੱਕੇ ਹਾਂ।

## 5.7 ਅਭਿਆਸ ਲਈ ਪ੍ਰਸ਼ਨ

1. ਮੈਕਸ ਵੈਬਰ ਦੀ ਵਿਖਿਆਤਮਕ ਸੋਸ਼ਿਔਲੌਜੀ ਤੋਂ ਕੀ ਭਾਵ ਹੈ ?
2. ਸਮਾਜਿਕ ਕਾਰਜ ਕਿਸਨੂੰ ਆਖਦੇ ਹਨ ? ਇਹ ਕਿੰਨੀ ਕਿਸਮ ਦਾ ਹੁੰਦਾ ਹੈ।
3. ਕੀ ਹਰੇਕ ਕਾਰਜ ਸਮਾਜਿਕ ਕਾਰਜ ਕਹਿਲਾਉਂਦਾ ਹੈ ? ਜੇਕਰ ਨਹੀਂ ਤਾਂ ਕਿਸ ਕਿਸਮ ਦੇ ਕਾਰਜਾਂ ਨੂੰ ਸਮਾਜਿਕ ਕਾਰਜ ਕਿਹਾ ਜਾਂਦਾ ਹੈ ਖੋਲ੍ਹ ਕੇ ਬਿਆਨ ਕਰੋ।

### ਸੰਖੇਪ ਸਵਾਲ :

(ੳ) ਵਰਸਟੇਹਨ

(ਅ) ਆਦਰਸ਼ ਨਮੂਨੇ

(ੲ) ਸਮਾਜਿਕ ਕਾਰਜ

(ਸ) ਨਿਰਪੱਖਤਾ

(ਹ) ਰਵਾਇਤੀ ਕਾਰਜ

## 5.8 ਉਪਯੋਗੀ ਪੁਸਤਕਾਂ :


| | | | |
|---|---|---|---|
| 1. | Julien Freund | : | The Sociology of Max Weber Penguin. |
| 2. | Abrahan Francis and Margan, John Henery | : | Sociological Thought from Comte to Sorokin, Mac Millan India, Delhi, 1985. |
| 3. | Bendix, Reinhart | : | Max Weber-An Intellectual Portrait, Mathuen and Co.,London, 1969. |
| 4. | P.S.Judge | : | Samaj Vigyanik Drishtikon Ate Sidhant Punjabi University, Patiala, 1998. |
| 5. | Jammu & Bhatnagar | : | Samaj Vigyanik Sidhant, (Ank 25,26,27) Punjabi University, Patiala. |

# ਮੈਕਸ ਵੈਬਰ (ਸੱਤਾ)

**ਬਣਤਰ**

6.0 ਉਦੇਸ਼

6.1 ਜਾਣ ਪਛਾਣ

6.2 ਸ਼ਕਤੀ ਅਤੇ ਸੱਤਾ ਦੇ ਸੰਕਲਪ

6.3 ਸੱਤਾ ਦੇ ਤੱਤ

6.4 ਉਚਿੱਤਤਾ ਅਤੇ ਇਸ ਦੀਆਂ ਕਿਸਮਾਂ

6.4.1 ਕਾਨੂੰਨੀ ਵਿਵੇਕੀ ਉਚਿੱਤਤਾ

6.4.2 ਰਵਾਇਤੀ ਉਚਿੱਤਤਾ

6.4.3 ਕਰਾਮਾਤੀ ਉਚਿੱਤਤਾ

6.5. ਸੱਤਾ ਦੀਆਂ ਕਿਸਮਾਂ

6.5.1 ਕਾਨੂੰਨੀ-ਵਿਵੇਕੀ ਸੱਤਾ

6.5.2 ਰਵਾਇਤੀ ਸੱਤਾ

6.5.3 ਕਰਾਮਾਤੀ ਜਾਂ ਚਮਤਕਾਰੀ ਸੱਤਾ

6.6 ਸਾਰ

6.7 ਮੁੱਖ ਸ਼ਬਦ

6.8 ਅਭਿਆਸ ਲਈ ਪ੍ਰਸ਼ਨ

**6.0 ਉਦੇਸ਼ :** ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਇਹ ਸਮਝਣ ਦੇ ਯੋਗ ਹੋਵੋਗੇ ਕਿ :

* ਮੈਕਸ ਵੈਬਰ ਨੇ ਸ਼ਕਤੀ ਅਤੇ ਸੱਤਾ ਤੋਂ ਕੀ ਭਾਵ ਲਿਆ ਹੈ ?
* ਸਮਾਜਿਕ ਕ੍ਰਿਆ ਅਤੇ ਸੱਤਾ ਦੀਆਂ ਕਿਸਮਾਂ ਵਿਚ ਕੀ ਸੰਬੰਧ ਹੈ ?
* ਸੱਤਾ ਅਤੇ ਸ਼ਕਤੀ ਤੋਂ ਕੀ ਭਾਵ ਹੈ ਅਤੇ ਸੱਤਾ ਕਿੰਨੀ ਕਿਸਮ ਦੀ ਹੁੰਦੀ ਹੈ।

## 6.1 ਜਾਣ ਪਛਾਣ

ਪਿਛਲੇ ਪਾਠ ਵਿਚ ਅਸੀਂ ਮੈਕਸ ਵੈਬਰ ਦੀ ਜੀਵਨੀ ਅਤੇ ਉਸ ਦੇ ਸਮਾਜਿਕ ਕਾਰਜ, ਧਰਮ ਦੇ ਸਿਧਾਤਾਂ ਵਰਗੇ ਸੰਕਲਪਾਂ ਦੇ ਝਾਤ ਮਾਰ ਚੁੱਕੇ ਹਾਂ। ਇਸ ਪਾਠ ਵਿਚ ਅਸੀਂ ਮੈਕਸ ਵੈਬਰ ਦੁਆਰਾ ਦਿੱਤੇ ਗਏ ਸ਼ਕਤੀ (Power) ਅਤੇ ਸੱਤਾ (Authority) ਦੇ ਮਹੱਤਵਪੂਰਨ ਸੰਕਲਪ ਦੀ ਜਾਣਕਾਰੀ ਹਾਸਿਲ ਕਰਾਂਗੇ। ਪਹਿਲਾਂ ਸੰਖੇਪ ਵਿਚ ਸਕਤੀ ਅਤੇ ਸੱਤਾ ਨੂੰ ਪ੍ਰਭਾਸ਼ਿਤ ਕਰਨ ਦੀ ਕੋਸ਼ਿਸ਼ ਕਰਾਂਗੇ ਅਤੇ ਫਿਰ ਸੱਤਾ ਦੀਆਂ ਕਿਸਮਾਂ ਬਾਰੇ ਚਾਨਣਾ ਪਾਵਾਂਗੇ।

## 6.2 ਸ਼ਕਤੀ ਅਤੇ ਸੱਤਾ ਦੇ ਸੰਕਲਪ

ਮੈਕਸ ਵੈਬਰ ਅਨੁਸਾਰ, ਸ਼ਕਤੀ ਤੋਂ ਭਾਵ ਉਸ ਅਵਸਰ ਜਾਂ ਮੌਕੇ ਨਾਲ ਹੈ ਜਿਸ ਨੂੰ ਕੋਈ ਇਕ ਵਿਅਕਤੀ ਜਾਂ ਵਿਅਕਤੀਆਂ ਦਾ ਸਮੂਹ ਕਿਸੇ ਸਮੂਹਿਕ ਕ੍ਰਿਆ ਕਰਦੇ ਸਮੇਂ ਪ੍ਰਾਪਤ ਕਰ ਲੈਂਦਾ ਹੈ। ਬੇ ਸ਼ਕ ਉਹ ਕ੍ਰਿਆ ਵਿਚ ਹਿੱਸਾ ਲੈਣ ਵਾਲੇ ਦੂਸਰੇ ਵਿਅਕਤੀ ਉਸਦਾ ਵਿਰੋਧ ਹੀ ਕਿਉਂ ਨਾ ਕਰਦੇ ਹੋਣ। ਆਸਾਨ ਜਿਹੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਜਦੋਂ ਕੋਈ ਵਿਅਕਤੀ ਦੂਸਰੇ ਵਿਅਕਤੀ ਦੀ ਮਰਜੀ ਦੇ ਖਿਲਾਫ ਵੀ ਕੋਈ ਕੰਮ ਕਰਵਾ ਲੈਂਦਾ ਹੈ ਇਹ ਸ਼ਕਤੀ ਹੈ। ਦੂਸਰਿਆਂ ਦਾ ਵਿਰੋਧ ਕਰਨ ਤੇ ਵੀ ਆਪਣੇ ਉਦੇਸ਼ਾਂ ਦੀ ਪੂਰਤੀ ਕਰ ਲੈਣ ਵਾਲੇ ਵਿਅਕਤੀ ਕੋਲ ਸ਼ਕਤੀ ਹੁੰਦੀ ਹੈ। ਮੈਕਸ ਵੈਬਰ ਨੇ ਸ਼ਕਤੀ ਦੀ ਅਤਿ ਵਿਆਪਕ ਵਿਆਖਿਆ ਕੀਤੀ ਹੈ। ਉਸ ਅਨੁਸਾਰ, ਸਮਾਜ ਦੀ ਛੋਟੀ ਤੋਂ ਛੋਟੀ ਸੰਸਥਾ, ਪਰਿਵਾਰ ਤੋਂ ਲੈ ਕੇ ਹਰ ਖੇਤਰ ਵਿਚ ਸ਼ਕਤੀ ਦਾ ਉਪਯੋਗ ਕੀਤਾ ਜਾਂਦਾ ਹੈ। ਪਰਿਵਾਰ ਵਿਚ ਮਾਂ ਬਾਪ ਸ਼ਕਤੀ ਦੀ ਵਰਤੋਂ ਕਰਦੇ ਹਨ, ਜਮਾਤ ਵਿਚ ਅਧਿਆਪਕ, ਰਾਜਨੀਤੀ ਦੇ ਖੇਤਰ ਵਿਚ ਨੇਤਾ, ਆਰਥਿਕ ਖੇਤਰ ਵਿਚ ਜਿਹਨਾਂ ਕੋਲ ਉਤਪਾਦਨ ਦੇ ਸਾਧਨਾਂ ਤੇ ਮਲਕੀਅਤ ਹੈ ਅਤੇ ਧਾਰਮਿਕ ਖੇਤਰ ਵਿਚ ਪ੍ਰੋਹਿਤ, ਪੁਜਾਰੀ, ਪਾਦਰੀ ਆਦਿ। ਹਰੇਕ ਖੇਤਰ ਵਿਚ ਸ਼ਕਤੀ ਦੇ ਆਧਾਰ ਤੇ ਇਕ ਦਰਜਾਬੰਦੀ ਪਾਈ ਜਾਂਦੀ ਹੈ। ਜਿਨ੍ਹਾਂ ਲੋਕਾਂ ਕੋਲ ਜ਼ਿਆਦਾ ਸ਼ਕਤੀ ਹੈ ਉਨ੍ਹਾਂ ਕੋਲ ਪ੍ਰਤੀਸ਼ਠਾ(Prestige) ਵੀ ਜ਼ਿਆਦਾ ਹੁੰਦੀ ਹੈ। ਪ੍ਰਤਿਸ਼ਠਾ, ਉਹ ਮਾਨ ਹੈ ਜਿਹੜਾ ਕਿਸੇ ਵਿਅਕਤੀ ਦੀ ਸਥਿਤੀ ਦੇ ਨਾਲ ਜੁੜਿਆ ਹੁੰਦਾ ਹੈ। ਟੈਲਕਟ ਪਾਰਸਨਜ ਦਾ ਮੰਨਣਾ ਹੈ ਕਿ ਸ਼ਕਤੀ ਇਕ ਆਮ ਸੁਵਿਧਾ ਜਾਂ ਸਮਾਜ ਦੇ ਉਹ ਸਾਧਨ ਹਨ ਜਿਨ੍ਹਾਂ ਦੇ ਰਾਹੀਂ ਸਮਾਜਿਕ ਉਦੇਸ਼ਾਂ ਦੀ ਉਪਲੱਬਧੀ ਸੰਭਵ ਹੁੰਦੀ ਹੈ ਜਿਵੇਂ ਜਿਵੇਂ ਸਮਾਜ ਉਨੱਤ ਹੁੰਦਾ ਹੈ ਸ਼ਕਤੀ ਦਾ ਵੀ ਵਿਕਾਸ ਹੁੰਦਾ ਹੈ ਭਾਵ ਸਮੇਂ ਸਮੇਂ ਸਿਰ ਸ਼ਕਤੀ ਘੱਟਦੀ ਤੇ ਵੱਧਦੀ ਰਹਿੰਦੀ ਹੈ, ਇਹ ਸਥਿਰ ਨਹੀਂ ਹੈਂ। ਵੈਬਰ ਅਨੁਸਾਰ, ਸ਼ਕਤੀ ਉਦੇਸ਼ਾਂ ਤੱਕ ਪਹੁੰਚਣ ਦਾ ਇਕ ਸਾਧਨ ਹੈ। ਉਸ ਅਨੁਸਾਰ ਸ਼ਕਤੀਸ਼ਾਲੀ ਲੋਕ ਸ਼ਕਤੀ ਦੀ ਵਰਤੋਂ ਕਰਕੇ ਦੂਜਿਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਤੋਂ ਵੰਚਿਤ ਵੀ ਕਰਦੇ ਹਨ। ਲੇਕਿਨ ਹਰੇਕ ਸਮਾਜ ਵਿਚ ਸ਼ਕਤੀ ਦੀ ਇਕ ਨਿਸ਼ਚਿਤ ਸੀਮਾ ਹੁੰਦੀ ਹੈ। ਇਸ ਕਰਕੇ ਸ਼ਕਤੀ ਕੁਝ ਕੁ ਲੋਕਾਂ ਦੇ ਹੱਥਾਂ ਵਿਚ ਚਲੀ ਜਾਂਦੀ ਹੈ ਅਤੇ ਕੁਝ ਲੋਕ ਇਸ ਤੋਂ ਵਾਂਝੇ ਰਹਿ ਜਾਂਦੇ ਹਨ।

ਪਰ ਜਦੋਂ ਇਸ ਸ਼ਕਤੀ ਨੂੰ ਉਚਿੱਤਤਾ (legitimacy) ਪ੍ਰਾਪਤ ਹੋ ਜਾਵੇ ਅਤੇ ਲੋਕ ਇਸ ਦੇ ਸਾਹਮਣੇ ਮਰਜ਼ੀ ਨਾਲ ਝੁਕਣ, ਇਸ ਨੂੰ ਸੱਤਾ ਆਖਿਆ ਜਾਂਦਾ ਹੈ। ਸਮਾਜ ਦੇ ਸੰਚਾਲਨ ਲਈ ਕੁਝ ਵਿਅਕਤੀਆਂ ਨੂੰ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ ਅਤੇ ਉਸ ਜਿੰਮੇਵਾਰੀ ਨੂੰ ਨਿਭਾਉਣ ਲਈ ਉਸ ਨੂੰ ਸੱਤਾ ਦਾ ਅਧਿਕਾਰ ਦਿੱਤਾ ਜਾਂਦਾ ਹੈ।

ਮੈਕਸ ਵੈਬਰ ਨੇ ਜੋ ਜਰਮਨ ਸ਼ਬਦ 'Herrschaft' ਵਰਤਿਆ ਹੈ ਉਸ ਨੂੰ ਵੱਖ ਵੱਖ ਸਮਾਜ ਵਿਗਿਆਨੀਆਂ ਨੇ ਆਪਣੇ ਤਰੀਕੇ ਨਾਲ ਲਿਆ ਹੈ। ਕਈਆਂ ਨੇ ਉਸ ਦਾ ਅਨੁਵਾਦ ਸੱਤਾ (authority) ਕੀਤਾ ਹੈ ਅਤੇ ਕਈਆਂ ਨੇ ਪ੍ਰਧਾਨਤਾ (Domination) ਜਾਂ Command ਇਸ ਸ਼ਬਦ ਦਾ ਭਾਵ ਉਸ ਸਥਿਤੀ ਤੋਂ ਹੈ ਜਿਸ ਵਿਚ ਮਾਸਟਰ ਜਾਂ ਅਧਿਆਪਕ (Herrschaft) ਦੂਸਰਿਆਂ ਨੂੰ ਦਬਾ (dominate) ਲੈਂਦਾ ਹੈ ਜਾਂ ਉਨ੍ਹਾਂ ਉਪਰ ਉਸ ਦੀ ਕਮਾਂਡ (Command) ਹੈ। ਮਾਸਟਰ ਕੋਲ ਇੰਨੀ ਯੋਗਤਾ ਹੁੰਦੀ ਹੈ ਕਿ ਉਹ ਦੂਸਰਿਆਂ ਤੋਂ ਆਪਣੀ ਆਗਿਆ ਦਾ ਪਾਲਣ ਕਰਵਾ ਸਕੇ। ਅਸੀਂ ਇਥੇ Herrschaft ਸ਼ਬਦ ਨੂੰ ਸੱਤਾ (authority) ਦੇ ਤੌਰ ਤੇ ਵਰਤਾਂਗੇ। ਉਪਰੋਕਤ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਸ਼ਕਤੀ ਇਕ ਆਮ (General) ਪਰਪੰਚ ਹੈ ਜਿਹੜਾ ਕਿਸੇ ਵਿਅਕਤੀ ਜਾਂ ਸਮੂਹ ਦੀ ਯੋਗਤਾ ਜਾਂ ਸਮਰਥਾ ਨੂੰ ਦਰਸਾਉਂਦਾ ਹੈ ਕਿ ਕਿਵੇਂ ਉਹ ਦੂਸਰੇ ਲੋਕਾਂ ਤੋਂ ਉਨ੍ਹਾਂ ਦੀ ਮਰਜ਼ੀ ਦੇ ਖਿਲਾਫ ਵੀ ਕੰਮ ਕਰਵਾ ਸਕਦੇ ਹਨ ਭਾਵ ਉਨ੍ਹਾਂ ਨੂੰ ਕਾਬੂ ਵਿਚ ਜਾਂ ਕੰਟਰੋਲ ਵਿਚ ਰੱਖਦੇ ਹਨ। ਜਦੋਂ ਕਿ ਸੱਤਾ ਵਿਚ ਦੂਸਰੇ ਵਿਅਕਤੀ ਸੱਤਾਧਾਰੀ

ਨੂੰ ਇਹ ਅਧਿਕਾਰ ਦਿੰਦੇ ਹਨ ਕਿ ਉਹ ਉਸਦੀ ਆਗਿਆ ਦਾ ਪਾਲਣ ਕਰਵਾ ਸਕੇ।

## 6.3 ਸੱਤਾ ਦੇ ਤੱਤ

ਆਓ ਹੁਣ ਸੱਤਾ ਨੂੰ ਬਣਾਉਣ ਵਾਲੇ ਤੱਤਾਂ ਬਾਰੇ ਜਾਣਕਾਰੀ ਹਾਸਿਲ ਕਰੀਏ। ਕਿਸੇ ਵੀ ਸੱਤਾਮਈ ਢਾਂਚੇ ਨੂੰ ਹੋਂਦ ਵਿਚ ਆਉਣ ਲਈ ਹੇਠ ਲਿਖੇ ਤੱਤਾਂ ਦਾ ਹੋਣਾ ਲਾਜ਼ਮੀ ਹੈ :

(ੳ) ਕੋਈ ਸ਼ਾਸ਼ਕ ਜਾਂ ਸ਼ਾਸ਼ਕਾਂ ਦਾ ਸਮੂੰਹ (rulers)

(ਅ) ਕੋਈ ਸ਼ਾਸਿਤ (ruled) ਵਿਅਕਤੀ ਜਾਂ ਸ਼ਾਸਤਿ ਸਮੂੰਹ

(ੲ) ਸ਼ਾਸਕ ਦਾ ਲੋਕਾਂ ਤੋਂ ਆਪਣੀ ਮਰਜ਼ੀ ਮੁਤਾਬਿਕ ਕਮਾਂਡ ਦੇ ਕੇ ਕੰਮ ਕਰਵਾਉਣਾ

(ਸ) ਸ਼ਾਸਿਤ ਦਾ ਸ਼ਾਸਕ ਦੀ ਕਮਾਂਡ ਦੀ ਆਗਿਆ ਦਾ ਪਾਲਣ ਕਰਨਾ

(ਹ) ਇਸ ਗੱਲ ਦਾ ਸਿੱਧਾਂ ਜਾਂ ਅਸਿੱਧਾ ਸਬੂਤ ਕਿ ਸ਼ਾਸਿਤ ਨੇ ਸ਼ਾਸਕ ਦੀ ਕਮਾਂਡ ਨੂੰ ਮੰਨਣਾ ਮੰਨ ਲਿਆ ਹੈ।

ਉਪਰੋਕਤ ਚਰਚਾ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸੱਤਾ ਦੇ ਵਿਚ ਦੋਨੋਂ ਧਿਰਾਂ ਸ਼ਾਸਕ ਅਤੇ ਸ਼ਾਸਿਤ (Ruler and Ruled) ਲੈਣ ਦੇਣ ਦੇ ਰਿਸ਼ਤੇ ਵਾਂਗ ਜੁੜੀਆਂ ਹੁੰਦੀਆਂ ਹਨ। ਸ਼ਾਸਕ ਆਪਣਾ ਅਧਿਕਾਰ ਮੰਨਦਾ ਹੈ ਕਿ ਉਹ ਸ਼ਾਸਿਤ ਨੂੰ ਕਮਾਂਡ ਦੇ ਸਕਦਾ ਹੈ ਅਤੇ ਸ਼ਾਸਿਤ ਨੇ ਆਪਣੇ ਮਨ ਵਿਚ ਇਹ ਧਾਰਿਆ ਹੁੰਦਾ ਹੈ ਕਿ ਉਸ ਨੇ ਸ਼ਾਸਕ ਦੀ ਕਮਾਂਡ ਦੀ ਆਗਿਆ ਦਾ ਪਾਲਣ ਕਰਨਾ ਹੈ।

ਵੈਬਰ ਨੇ ਰਾਜਨੀਤੀ ਦੇ ਸਮਾਜ ਵਿਗਿਆਨਕ ਅਧਿਐਨ ਦੇ ਖੇਤਰ ਵਿਚ ਵੀ ਆਪਣਾ ਹਿੱਸਾ ਪਾਇਆ ਹੈ। ਉਸ ਦਾ ਰਾਜਨੀਤੀ ਵਿਚ ਸ਼ੁਰੂ ਤੋਂ ਹੀ ਰੁਝਾਨ ਸੀ। ਇਸ ਦਾ ਕਾਰਣ ਉਸ ਦੇ ਪਿਤਾ ਦੀ ਰਾਜਨੀਤੀ ਵਿਚ ਸਰਗਰਮੀ ਸੀ। ਵੈਬਰ ਸਾਹਮਣੇ ਸਵਾਲ ਇਹ ਸੀ ਕਿ ਸਰਮਾਏਦਾਰੀ ਦੇ ਆਧੁਨਿਕ ਯੁਗ ਵਿਚ ਜਿਥੇ ਵੱਡੇ ਵੱਡੇ ਇਦਾਰੇ ਹੋਂਦ ਵਿਚ ਆ ਰਹੇ ਹਨ ? ਉਥੇ ਕੰਮਾਂ ਦੀ ਵੰਡ ਅਤੇ ਲੋਕਾਂ ਦੀ ਮੈਨੇਜਮੈਂਟ (management) ਦਾ ਕੀ ਆਧਾਰ ਹੋਵੇਗਾ ? ਪਿਛਲੇ ਸਮਿਆਂ ਵਿਚ ਇਨ੍ਹਾਂ ਦੀ ਕਿਸਮ ਕਿਹੋ ਜਿਹੀ ਸੀ ਅਤੇ ਉਨ੍ਹਾਂ ਦੇ ਆਧਾਰ ਕੀ ਸਨ।

ਸਮਾਜਿਕ ਰਿਸ਼ਤਿਆਂ ਦੀ ਗੱਲ ਹੋਵੇ ਜਾਂ ਸਮਾਜਿਕ ਜਾਂ ਰਾਜਕੀ ਸੰਗਠਨਾਂ ਦੀ, ਇਨ੍ਹਾਂ ਵਿਚ ਊਚ-ਨੀਚ ਬਣੀ ਆਈ ਹੈ। ਕੁਝ ਪਦਵੀਆਂ ਉੱਚੀਆਂ ਹੁੰਦੀਆਂ ਹਨ ਕੁਝ ਨੀਵੀਆਂ। ਕੁਝ ਹੁਕਮ ਦੇਣ ਵਾਲੇ ਹੁੰਦੇ ਹਨ, ਕੁਝ ਉਨ੍ਹਾਂ ਨੂੰ ਮੰਨਣ ਵਾਲੇ ਵੈਬਰ ਨੂੰ ਲੱਗਦਾ ਸੀ ਕਿ ਇਨ੍ਹਾਂ ਸਾਰਿਆ ਸਮਾਜਿਕ ਇਦਾਰਿਆਂ ਵਿਚ ਸ਼ਕਤੀ (Power) ਸਰਵ-ਵਿਆਪੀ ਹੈ। ਇਸ ਸੰਕਲਪ ਤੋਂ ਉਸ ਦੀ ਮੁਰਾਦ ਹੈ ਕਿ ਜਦੋਂ ਇਕ ਸਮਾਜਿਕ ਪ੍ਰਾਣੀ ਦੂਸਰੇ ਤੋਂ ਉਸ ਦੀ ਮਰਜ਼ੀ ਦੇ ਬਾਵਜੂਦ ਵੀ ਕੋਈ ਕੰਮ ਕਰਵਾ ਸਕੇ।

ਇਸ ਪਰਿਭਾਸ਼ਾ ਅਨੁਸਾਰ, ਸ਼ਕਤੀ ਦੇ ਹੋਂਦ 'ਚ ਆਉਣ ਵਾਸਤੇ, ਪਹਿਲੇ ਤਾਂ ਘੱਟੋ ਘੱਟ ਦੋ ਸਮਾਜਿਕ ਪ੍ਰਾਣੀ ਲੋੜੀਂਦੇ ਹਨ ਅਤੇ ਦੂਸਰੇ, ਉਨ੍ਹਾਂ 'ਚੋਂ ਇਕ ਜਣਾ ਦੂਸਰੇ ਨੂੰ ਕੋਈ ਹੁਕਮ (command) ਜਾਰੀ ਕਰੇ ਜਿਸ ਦੀ ਤਾਮੀਲ ਉਹ ਮਰਜ਼ੀ ਦੇ ਉਲਟ ਜਾ ਕੇ ਵੀ ਕਰੇ। ਹੁਣ ਸਵਾਲ ਇਹ ਉਠਦਾ ਹੈ ਕਿ ਹੁਕਮ ਦੇਣ ਵਾਲਾ ਕੌਣ ਹੈ, ਇਹ ਕਿੱਥੋਂ ਤੇ ਕਿਵੇਂ ਆਉਂਦਾ ਹੈ ? ਅਜਿਹੇ ਹੁਕਮ ਜਿਹੜੇ ਜਾਇਜ ਜਾਂ ਉਚਿਤ (legitimate) ਹੁੰਦੇ ਹਨ, ਉਹ ਸ਼ਕਤੀ ਨੂੰ ਇਕ ਖਾਸ ਵਿਸ਼ੇਸ਼ਤਾ ਪ੍ਰਦਾਨ ਕਰਦੇ ਹਨ, ਜਿਹੜੀ ਖਾਸ (specific) ਹੁੰਦੀ ਹੈ। ਜਨਰਲ (General) ਜਾਂ ਸਧਾਰਨ ਨਹੀਂ। ਇਸ ਨੂੰ ਵੈਬਰ ਸੱਤਾ ਦਾ ਨਾਂ ਦਿੰਦਾ ਹੈ। ਭਾਵ ਇਹ ਕਿ ਸ਼ਕਤੀ ਸਧਾਰਨ ਅਤੇ ਆਮ ਹੁੰਦੀ ਹੈ ਜਦੋਂ ਕਿ ਸੱਤਾ ਖਾਸ (Specific) ਅਤੇ ਸੁਨਿਸ਼ਚਿਤ (precise) ਹੁੰਦੀ ਹੈ। ਸ਼ਕਤੀ ਦਾ ਸੋਮਾ ਕੁਝ ਵੀ ਹੋ ਸਕਦਾ ਹੈ ਜਿਵੇਂ ਕੋਈ ਹਥਿਆਰ ਜਾਂ ਜ਼ਿਆਦਾ ਜ਼ੋਰ ਵਾਲਾ ਪ੍ਰਾਣੀ।ਪਰ ਸੱਤਾ ਵਿਚ ਇਨ੍ਹਾਂ ਦੀ ਲੋੜ ਨਹੀਂ। ਇਹ ਕਿਸੇ ਵੀ ਬੰਦੇ ਜਾਂ ਪਦਵੀ

ਤੋਂ ਪੈਦਾ ਨਹੀਂ ਹੁੰਦੀ। ਇਸ ਦੇ ਸ੍ਰੋਤ ਖਾਸ ਹੁੰਦੇ ਹਨ। ਜੇ ਉਹ ਉਥੋਂ ਆਵੇ ਤਾਂ ਹੀ ਉਚਿਤ ਮੰਨੀ ਜਾਂਦੀ ਹੈ ਨਹੀਂ ਤਾਂ ਨਹੀਂ। ਉਦਾਹਰਣ ਵਜੋਂ, ਜੇ ਤੁਹਾਨੂੰ ਤੁਹਾਡੇ ਮਾਤਾ-ਪਿਤਾ ਜਾਂ ਕੋਈ ਵੱਡੇ ਵਡੇਰੇ ਸ਼ਾਮ ਦਾ ਫਿਲਮੀ ਸ਼ੋ ਵੇਖਣ ਤੋਂ ਰੋਕਣ ਤਾਂ ਤੁਹਾਨੂੰ ਰੁਕਨਾਂ ਹੀ ਪਵੇਗਾ ਭਾਵੇਂ ਤੁਹਾਡੇ ਸਾਥੀਆਂ ਨੇ ਤੁਹਾਡੀ ਟਿਕਟ ਵੀ ਖਰੀਦ ਕੇ ਰੱਖੀ ਹੋਵੇ। ਪਰ ਜੇ ਅਜਿਹਾ ਹੁਕਮ ਤੁਹਾਡੇ ਗਵਾਂਢੀ ਤੋਂ ਆਵੇ ਤਾਂ ਤੁਸੀਂ ਉਸ ਨੂੰ ਅਣਗੋਲਿਆਂ ਕਰਕੇ ਫਿਲਮ ਵੇਖਣ ਚਲੇ ਜਾਓਗੇ। ਦੋਹਾਂ ਹੁਕਮਾਂ ਵਿਚ ਇਕ ਫਰਕ ਹੈ, ਉਹ ਹੈ ਹੁਕਮ ਦੀ ਉਚਿੱਤਤਾ, ਇਸ ਤੋਂ ਭਾਵ ਹੈ ਕਿ ਤੁਹਾਡੇ ਮਨ ਵਿਚ ਉਸ ਹੁਕਮ ਦੇ ਠੀਕ ਜਾਂ ਵਾਜਿਬ ਹੋਣ ਦੀ ਸੰਭਾਵਨਾ।ਤੁਸੀਂ ਹੁਕਮ ਤਾਹੀਓ ਮੰਨੋਗੇ ਜੇ ਤੁਸੀਂ ਇਸ ਨੂੰ ਉਚਿਤ ਜਾਂ ਵਾਜਿਬ ਮੰਨ੍ਹਦੇ ਹੋ। ਅਜਿਹਾ ਹੁਕਮ ਜੋ ਜਾਇਜ਼ ਜਾਂ ਉਚਿੱਤ legitimate ਹੁੰਦਾ ਹੈ। ਫੇਰ ਇਹ ਸ਼ਕਤੀ ਨਹੀਂ ਬਲਕਿ ਸੱਤਾ ਦਾ ਰੂਪ ਧਾਰਨ ਕਰ ਲੈਂਦਾ ਹੈ।

ਸਮਾਜਿਕ ਰਿਸ਼ਤਿਆਂ ਨੂੰ ਸਮਝਣ ਲਈ ਵੈਬਰ ਨੇ ਸੱਤਾ ਦੇ ਉਚਿੱਤਤਾ (legitimacy) ਦੇ ਆਈਡਲ ਟਾਈਪ ਬਣਾਏ। ਇਸ ਮੁਤਾਬਕ ਹਰ ਕਿਸਮ ਦਾ ਹੁਕਮ ਜਾਂ ਸੱਤਾ ਕੇਵਲ ਤਿੰਨ ਕਿਸਮ ਦੇ ਹੀ ਹੋ ਸਕੇ ਹਨ ਕਿਉਂਕਿ ਉਚਿਤਤਾ (legitimacy) ਵੀ ਤਿੰਨ ਕਿਸਮ ਦੀ ਹੀ ਹੁੰਦੀ ਹੈ ਜਿਹੋ ਜਿਹੀ ਉਚਿੱਤਤਾ (Legitimacy) ਹੋਵੇਗੀ, ਉਹੋ ਜਿਹੀ ਸੱਤਾ ਹੋਵੇਗੀ ਅਤੇ ਉਸ ਦਾ ਨਾਂ ਵੀ ਉਹੋ ਜਿਹਾ ਹੀ ਹੋਵੇਗਾ। ਵੈਬਰ ਅਨੁਸਾਰ ਇਹ ਤਿੰਨ ਕਿਸਮਾਂ ਦੀ ਹੈ। :

## 6.4 ਉਚਿਤਤਾ ਦੀਆਂ ਕਿਸਮਾਂ

(ੳ) ਕਾਨੂੰਨੀ ਵਿਵੇਕੀ ਉਚਿੱਤਤਾ (Legal Rational Legitimacy)

(ਅ) ਰਵਾਇਤੀ ਉਚਿੱਤਤਾ (Traditional Legitimacy)

(ੲ) ਕਰਾਮਾਤੀ ਉਚਿੱਤਤਾ (Charismatic Legitimacy)

### 6.4.1 ਕਾਨੂੰਨੀ ਵਿਵੇਕੀ ਉਚਿੱਤਤਾ :

ਇਸ ਕਿਸਮ ਦੀ ਉਚਿੱਤਤਾ ਆਧੁਨਿਕ ਸੰਗਠਨਾਂ 'ਚੋਂ ਉਪਜਦੀ ਹੈ। ਭਾਵ ਇਹ ਕਿ ਜਿਨ੍ਹੇ ਵੀ ਅਜਿਹੇ ਸੰਗਠਨ ਹੁੰਦੇ ਹਨ ਉਨ੍ਹਾਂ ਦੇ ਕੰਮਾਂਕਾਰਾਂ, ਜਥੇਬੰਦੀਆਂ ਅਤੇ ਵਿਉਤਾਂ ਨੂੰ ਕਿਸੇ ਖਾਸ ਤਰਤੀਬ ਨਾਲ ਕਿਸੇ ਖਾਸ ਟੀਚਿਆਂ ਤੇ ਪਹੁੰਚਣ ਲਈ ਬਣਾਇਆ ਜਾਂਦਾ ਹੈ। ਇਸੇ ਕਰਕੇ ਸਾਰੇ ਆਧੁਨਿਕ ਸੰਗਠਨਾਂ ਦਾ ਕਾਰ ਵਿਹਾਰ ਇਕ ਲਿਖਤ ਕਲੰਡਰ ਜਾਂ ਸੰਵਿਧਾਨ ਜਾਂ ਆਈਨ ਤੇ ਅਧਾਰਤ ਹੁੰਦਾ ਹੈ। ਇਹ ਇਸ ਕਰਕੇ ਕੀਤਾ ਜਾਂਦਾ ਹੈ ਕਿ ਹਰ ਸੰਗਠਨ ਦਾ ਆਪਣਾ ਕਾਰਜ ਖੇਤਰ ਹੈ, ਉਸ ਦੇ ਸਾਹਮਣੇ ਖਾਸ ਕਿਸਮ ਦੇ ਟੀਚੇ ਰੱਖੇ ਗਏ ਹਨ ਜਿਨ੍ਹਾਂ ਦੀ ਪ੍ਰਾਪਤੀ ਉਸ ਦਾ ਸਭ ਤੋਂ ਅਹਿਮ ਲਕਸ਼ ਜਾਂ ਟੀਚਾ ਹੈ। ਇਸ ਕਰਕੇ ਉਸ ਸੰਗਠਨ ਦੀਆਂ ਸਾਰੀਆਂ ਗਤੀ ਵਿਧੀਆਂ ਇਨ੍ਹਾਂ ਟੀਚਿਆਂ ਨੂੰ ਪ੍ਰਾਪਤ ਕਰਨ ਵਾਸਤੇ ਹੀ ਜੁਟੀਆਂ ਹੁੰਦੀਆਂ ਹਨ। ਕਿਉਂਕਿ ਇਹ ਸੰਵਿਧਾਨ ਜਾਂ ਕਲੰਡਰ ਸੰਗਠਨ ਦੇ ਹੋਂਦ ਵਿਚ ਆਉਣ ਤੋਂ ਪਹਿਲੋਂ ਹੀ ਉਲੀਕਿਆ ਗਿਆ ਹੁੰਦਾ ਹੈ, ਇਸ ਕਰਕੇ ਇਸ ਨੂੰ ਕਾਨੂੰਨੀ ਵੀ ਮੰਨਿਆ ਗਿਆ ਹੈ। ਉਦਾਹਰਣ ਵਜੋਂ ਜੇ ਕਿਸੇ ਵਿਦਿਆਰਥੀ ਦੇ +2 ਵਿਚੋਂ 35% ਨੰਬਰ ਹਨ ਤਾਂ ਕਾਲਜ ਉਸ ਨੂੰ ਦਾਖਲੇ ਤੋਂ ਇਨਕਾਰ ਕਰ ਦਿੰਦਾ ਹੈ। ਵਿਦਿਆਰਥੀ ਇਸ ਸਬੰਧੀ ਕੋਈ ਕਾਰਵਾਈ ਨਹੀਂ ਕਰ ਸਕਦਾ ਕਿਉਂਕਿ ਕਾਲਜ ਦੇ ਪ੍ਰਾਸਪੈਕਟਸ ਵਿਚ ਪਹਿਲੋਂ ਹੀ ਦਰਜ ਕੀਤਾ ਹੋਇਆ ਹੈ ਕਿ ਦਾਖਲਾ ਕੇਵਲ 50% ਨੰਬਰਾਂ ਵਾਲਿਆਂ ਨੂੰ ਹੀ ਦਿੱਤਾ ਜਾਵੇਗਾ ਪਰ ਜੇ ਕਿਸੇ ਵਿਦਿਆਰਥੀਆਂ ਦੇ ਨੰਬਰ 65% ਹਨ ਅਤੇ ਉਸ ਨੂੰ ਕਾਲਜ ਕਿਸੇ ਕਾਰਨ ਕਰਕੇ ਉਸ ਦੇ ਅਧਿਕਾਰ ਤੋਂ ਵੰਚਿਤ ਰੱਖ ਰਿਹਾ ਹੈ ਤਾਂ ਇਸ ਕੇਸ ਦੀ ਸੁਣਵਾਈ ਕਚਹਿਰੀ ਵਿਚ ਹੋ ਸਕਦੀ ਹੈ ਅਤੇ ਉਸ ਦੇ ਫੈਸਲੇ ਮੁਤਾਬਕ ਦਾਖਲਾ ਕਰਵਾਇਆ ਜਾ ਸਕਦਾ ਹੈ।

ਅਜਿਹੀ ਉਚਿੱਤਤਾ ਨੂੰ ਵਿਵੇਕੀ ਇਸ ਕਰਕੇ ਕਿਹਾ ਗਿਆ ਹੈ ਕਿਉਂਕਿ ਕਾਲਜ ਨੇ 50% ਨੰਬਰਾਂ ਦੀ

ਲਿਮਟ ਕਿਸੇ ਵਿਦਿਆਰਥੀ ਵਿਸ਼ੇਸ਼ ਨੂੰ ਮੁੱਖ ਰੱਖ ਕੇ ਨਹੀਂ ਰੱਖੀ ਬਲਕਿ ਵਿਦਿਆ ਦੇ ਮਿਆਰ, ਵਿਦਿਆਰਥੀਆਂ ਦੇ ਜ਼ਿਆਦਾ ਨੰਬਰ ਲੈਣੇ, ਕਾਲਜ ਵਿਚ ਨਿਸ਼ਚਿਤ ਸੀਟਾਂ ਨੂੰ ਸਟਾਫ ਦੀ ਉਪਲਬਧੀ ਆਦਿ ਕਈ ਸਾਰੇ ਕਾਰਨਾਂ ਕਰਕੇ ਰੱਖੀ ਗਈ ਹੈ।

## 6.4.2 ਰਵਾਇਤੀ ਉਚਿੱਤਤਾ

ਜਿਵੇਂ ਕਿ ਨਾ ਤੋਂ ਹੀ ਜਾਹਿਰ ਹੈ ਕਿਸੇ ਕਿਸਮ ਵਿਚ ਰਵਾਇਤ ਹਾਵੀ ਹੁੰਦੀ ਹੈ। ਕਿਸੇ ਕੰਮ ਨੂੰ ਠੀਕ ਜਾਂ ਉਚਿਤ ਕਰਾਰ ਕਰਨ ਵਾਸਤੇ ਰਵਾਇਤ ਦਾ ਸਹਾਰਾ ਲਿਆ ਜਾਂਦਾ ਹੈ। ਉਹ ਕੰਮ ਉਚਿਤ ਹੈ ਕਿਉਂਕਿ ਪਹਿਲੇ ਹੀ ਉਸੇ ਤਰ੍ਹਾਂ ਕੀਤਾ ਜਾਂਦਾ ਸੀ ਅਤੇ ਇਹ ਰਵਾਇਤ ਕੋਈ ਦੋ ਚਾਰ ਸਾਲ ਪੁਰਾਣੀ ਨਹੀਂ ਹੁੰਦੀ ਬਲਕਿ ਕਈ ਦਹਾਕਿਆਂ ਜਾਂ ਸਦੀਆਂ ਤੋਂ ਚੱਲੀ ਆ ਰਹੀ ਹੁੰਦੀ ਹੈ। ਇਸ ਕਿਸਮ ਦੀ ਉਚਿੱਤਤਾ ਵਿਚ ਆਧੁਨਿਕ ਕਨੂੰਨ ਜਾਂ ਵਿਵੇਕ ਦੀ ਕੋਈ ਅਹਿਮੀਅਤ ਨਹੀਂ ਹੁੰਦੀ। ਕਿਸੇ ਕੰਮ ਨੂੰ ਇਸ ਕਰਕੇ ਨਹੀਂ ਕੀਤਾ ਜਾਂਦਾ ਕਿਉਂਕਿ ਉਸ ਨਾਲ ਕਿਸੇ ਖਾਸ ਲਕਸ਼ ਦੀ ਪਾਪਤੀ ਹੁੰਦੀ ਹੈ ਜਾਂ ਸਾਧਨ ਤੇ ਲਕਸ਼ (means and End or Goal) ਵਿਚ ਕੋਈ ਉਚਿਤ ਜਾਂ ਢੁਕਵਾਂ (Suitable) ਰਿਸ਼ਤਾ ਹੁੰਦਾ ਹੈ। ਰਵਾਇਤੀ ਢੰਗ ਨਾਲ ਕੰਮ ਕੇਵਲ ਇਸੇ ਕਰਕੇ ਕੀਤੇ ਜਾਂਦੇ ਹਨ ਕਿਉਂਕਿ ਇਕ ਸਮੂਹ ਜਾਂ ਸਮੁਦਾਇ ਇਸ ਪਰੰਪਰਾ ਨੂੰ ਠੀਕ ਮੰਨਦਾ ਹੈ। ਉਦਾਹਰਣ ਵਜੋਂ, ਜਿਵੇਂ ਸਿੱਖਾਂ ਦੇ ਸਮਾਜ ਵਿਚ ਵਿਆਹ ਆਨੰਦ ਕਾਰਜ ਕਰਕੇ ਅਤੇ ਚਾਰ ਲਾਵਾਂ ਪੜ੍ਹ ਕੇ ਹੀ ਉਚਿੱਤ ਮੰਨਿਆ ਜਾਂਦਾ ਹੈ ਅਤੇ ਇਕੀਵੀਂ ਸਦੀ ਵਿਚ ਵਿਆਹ ਇਸੇ ਤਰ੍ਹਾਂ ਹੋਵੇਗਾ। ਕੋਈ ਨਹੀਂ ਕਹਿ ਸਕਦਾ ਕਿ ਜੀ ਮੈਂ ਤਾਂ ਲਾਵਾਂ ਪੜ੍ਹੇ ਬਿਨਾਂ ਹੀ ਆਨੰਦ ਕਾਰਜ ਕਰਵਾਉਣਾ ਹੈ। ਇਸ ਤਰ੍ਹਾਂ ਮੰਦਰ ਜਾਂ ਗੁਰਦੁਆਰੇ ਜਾਣ ਦਾ ਕਾਇਦਾ ਹੈ। ਹਰ ਇਕ ਸ਼ਖਸ਼ ਨੂੰ ਜੋੜੇ ਲਾਹ ਕੇ, ਪੈਰ ਧੋ ਕੇ ਤੇ ਸਿਰ ਢੱਕ ਕੇ ਹੀ ਮੱਥਾ ਟੇਕਣ ਦੀ ਇਜਾਜਤ਼ ਹੈ। ਜੇ ਕੋਈ ਇਸ ਰਵਾਇਤ ਨੂੰ ਤੋੜੇਗਾ ਉਹ ਉਸ ਦੀ ਸਜ਼ਾ ਵੀ ਪਾਵੇਗਾ।

## 6.4.3 ਕਰਾਮਾਤੀ ਉਚਿੱਤਤਾ

ਇਹ ਕਿਸਮ ਸਭ ਤੋਂ ਨਿਰਾਲੀ ਹੈ ਜੋ ਨਾ ਤਾਂ ਕਾਨੂੰਨੀ ਜਾਂ ਵਿਵੇਕ ਤੋਂ ਪੈਦਾ ਹੁੰਦੀ ਹੈ ਅਤੇ ਨਾ ਹੀ ਰਵਾਇਤ ਤੋਂ ਇਸ ਕਿਸਮ ਦੀ ਉਚਿਤਤਾ ਤਾਂ ਕੇਵਲ ਇਕ ਵਿਅਕਤੀ ਵਿਸ਼ੇਸ਼ ਨਾਲ ਜੁੜੀ ਹੁੰਦੀ ਹੈ। ਉਸ ਦੀ ਸ਼ਖਸ਼ੀਅਤ ਉਸ ਦੀ ਬੋਲ ਬਾਣੀ, ਉਸ ਦੇ ਕਾਰਜ ਆਦਿ ਹੀ ਉਸ ਵਿਅਕਤੀ ਦੀ ਕਮਾਨ ਦੀ ਉਚਿੱਤਤਾ ਦਾ ਸੋਮਾ ਬਣਦੀਆਂ ਹਨ। ਅਜਿਹੇ ਸ਼ਖਸ਼ ਦੀਆਂ ਗੱਲਾਂ ਤੇ ਫੁੱਲ ਚੜ੍ਹਾਉਣਾ, ਉਸ ਦੀ ਕਮਾਨ ਨੂੰ ਹੇਠਾਂ ਨਾ ਡਿਗਣ ਦੇਣਾ ਅਤੇ ਜੋ ਲੋੜ ਪਵੇ ਤਾਂ ਆਪਣੀ ਜਾਨ ਤੱਕ ਵਾਰ ਦੇਣਾ, ਇਹ ਸਭ ਉਸੇ ਵਿਅਕਤੀ ਜਾਂ ਲੀਡਰ ਨਾਲ ਹੀ ਜੁੜਿਆ ਹੁੰਦਾ ਹੈ। ਕੋਈ ਕਾਨੂੰਨ, ਕੋਈ ਸੰਵਿਧਾਨ ਇਹ ਨਹੀਂ ਕਹਿੰਦਾ ਕਿ ਜੇ ਕਿਸੇ ਨੇ ਅਜਿਹੇ ਲੀਡਰ ਦੀ ਗੱਲ ਨਾ ਮੰਨੀ ਤਾਂ ਉਸ ਨੂੰ ਸਜ਼ਾ ਦਿੱਤੀ ਜਾਵੇਗੀ। ਉਦਾਹਰਣ ਵਜੋਂ ਮਹਾਤਮਾ ਗਾਂਧੀ ਦੇ ਕਹਿਣ ਤੇ ਹਜ਼ਾਰਾਂ ਲੋਕ ਡਾਂਡੀ ਯਾਤਰਾ ਤੇ ਨਿਕਲੇ ਅਤੇ ਉਨ੍ਹਾਂ ਦੇ ਕਹਿਣ ਅਨੁਸਾਰ ਬਿਲਕੁਲ ਸ਼ਾਂਤਮਈ ਰਹੇ ਭਾਵੇਂ ਅੰਗਰੇਜ਼ੀ ਪੁਲਸ ਸੱਤਿਆਗ੍ਰਹਿਆਂ ਤੇ ਲਾਠੀਆਂ ਬਰਸਾ ਰਹੀ ਸੀ ਅਤੇ ਉਸੇ ਕਾਰਨ ਕਈ ਜਾਨਾਂ ਵੀ ਗਈਆਂ। ਗੁਰੂ ਗੋਬਿੰਦ ਸਿੰਘ ਦੀ ਗੱਲ ਮੰਨ੍ਹ ਕੇ ਹੀ ਤਾਂ ਪੰਜ ਪਿਆਰੇ ਆਪਣੇ ਸੀਸ ਦੇਣ ਲਈ ਤਿਆਰ ਹੋ ਗਏ ਸੀ ਅਤੇ ਉਸ ਤੋਂ ਬਾਅਦ ਉਨ੍ਹਾਂ ਦੇ ਕਹਿਣ ਤੇ ਹੀ ਕਿੰਨ੍ਹੇ ਹੀ ਸਿੰਘ ਸ਼ਹੀਦ ਹੋਏ। ਗੁਰੂ ਸਾਹਿਬ ਦੀ ਅਦੁੱਤੀ ਸ਼ਖਸੀਅਤ ਹੀ ਸੀ ਜੋ ਲੋਕਾਂ ਨੂੰ ਪ੍ਰੇਰਣਾ ਦਿੰਦੀ ਰਹੀ ਅਤੇ ਸਿੰਘ ਆਪਣੀਆਂ ਜਾਨਾਂ ਪੰਥ ਖਾਤਰ ਵਾਰਦੇ ਰਹੇ।

## 6.5 ਸੱਤਾ ਦੀਆਂ ਕਿਸਮਾਂ

ਇਹ ਤਿੰਨਾਂ ਪ੍ਰਕਾਰ ਦੀ ਉਚਿੱਤਤਾ ਤੋਂ ਤਿੰਨ ਕਿਸਮਾਂ ਦੀ ਸੱਤਾ ਉਭਰਦੀ ਹੈ। ਜਿਵੇਂ ਕਿ :

6.5.1 ਕਾਨੂੰਨੀ ਵਿਵੇਕੀ ਸੱਤਾ (Legal rational authority)

6.5.2 ਰਵਾਇਤੀ ਸੱਤਾ (Traditional authority)

6.5.3 ਕਰਾਮਾਤੀ ਸੱਤਾ (Charismatic authority)

ਇਹ ਤਿੰਨੋਂ ਸੱਤਾ ਤੇ ਉਚਿੱਤਤਾ (legitimacy) ਦੇ ਆਡਈਲ ਟਾਈਪ ਹਨ ਭਾਵ ਕਿ ਜ਼ਰੂਰੀ ਨਹੀਂ ਇਹ ਹਕੀਕਤ ਵਿਚ ਵੀ ਕੱਲੀਆਂ ਕੱਲੀਆਂ, ਅੱਡ-ਅੱਡ ਇਸੇ ਤਰ੍ਹਾਂ ਇਕ ਦੂਜੇ ਤੋਂ ਭਿੰਨ ਸਾਨੂੰ ਨਜ਼ਰ ਆਉਣ। ਇਹ ਤਾਂ ਮਹਿਜ ਇਕ ਵਰਗੀਕਰਣ ਦਾ ਤਰੀਕਾ ਹੈ ਤਾਂ ਜੋ ਅਸੀਂ ਸਮਾਜਿਕ ਪਰਪੰਚ ਦੀ ਜਟਲਤਾ ਨੂੰ ਸਮਝ ਸਕੀਏ।

**6.5.1 ਕਾਨੂੰਨੀ-ਵਿਵੇਕੀ ਸੱਤਾ (Legal raional Authority) :-** ਵੈਬਰ ਦੀ ਨਿਗਾਹ ਵਿਚ ਇਹ ਸਭ ਤੋਂ ਉੱਤਮ ਕਿਸਮ ਦੀ ਸੱਤਾ ਹੈ ਕਿਉਂਕਿ ਇਸ ਵਿਚ ਹੁਕਮ ਕਿੱਥੋਂ ਆ ਰਿਹਾ ਹੈ ? ਕਿਉਂ ਦੇ ਰਿਹਾ ਹੈ ? ਅਤੇ ਹੁਕਮ ਹੈ ਕੀ ? ਇਹ ਸਾਰੇ ਨੁਕਤੇ ਬੜੇ ਸਪਸ਼ਟ ਹੁੰਦੇ ਹਨ। ਇਸ ਕਿਸਮ ਦੀ ਸੱਤਾ ਆਧੁਨਿਕ ਸੰਗਠਨਾਂ ਦੇ ਨਾਲ ਜੁੜੀ ਹੋਈ ਹੈ। ਜਿਸ ਵਿਚ ਵੱਖੋ-ਵੱਖਰੀਆਂ ਪਦਵੀਆਂ ਹਨ, ਜਿਨ੍ਹਾਂ ਉਪਰ ਖਾਸ ਵਿਅਕਤੀ, ਜਿਹੜੇ ਉਹ ਕੰਮ ਕਰਨ ਵਿਚ ਮਾਹਿਰ ਹਨ ਵਿਰਾਜਮਾਨ ਹਨ। ਉਨ੍ਹਾਂ ਨੇ ਕੀ ਕੰਮ ਕਰਨਾ ਹੈ, ਕਿਵੇਂ ਕਰਾਉਣਾ ਹੈ, ਇਹ ਸਭ ਪਹਿਲਾਂ ਹੀ ਨਿਸ਼ਚਿਤ ਹੈ। ਉਨ੍ਹਾਂ ਨੇ ਕੀ ਹੁਕਮ ਦੇ ਣਾ ਹੈ ਤੇ ਕਿਸਨੂੰ ਦੇਣਾ ਹੈ ਇਹ ਵੀ ਤਹਿ ਹੈ। ਜੇ ਕੋਈ ਹੁਕਮ ਅਦੂਲੀ ਕਰੇ ਤਾਂ ਉਸ ਵਿਅਕਤੀ ਨੂੰ ਕੀ ਤੇ ਕਿੰਨ੍ਹੀ ਸਜਾ ਮਿਲਣੀ ਹੈ, ਅਜਿਹੀਆਂ ਸਾਰੀਆਂ ਗੱਲਾਂ ਖੋਲ੍ਹ ਕੇ, ਵਿਸਥਾਰ ਨਾਲ ਸਿਰਫ ਗਿਣੀਆਂ ਮਿਥੀਆਂ ਹੀ ਨਹੀਂ ਹੁੰਦੀਆਂ ਬਲਕਿ ਕਾਲੇ ਅੱਖਰਾਂ ਵਿਚ ਅੰਕਿਤ ਹੁੰਦੀਆਂ ਹਨ ਜਿਨ੍ਹਾਂ ਨੂੰ ਅਸੀਂ ਨਿਯਮ (rule), ਕਾਨੂੰਨ (law) ਆਦਿ ਦਾ ਨਾਂ ਦਿੰਦੇ ਹਾਂ।

ਵੈਬਰ ਦਾ ਮੰਨ੍ਹਣਾ ਸੀ ਕਿ ਆਧੁਨਿਕ ਸਮਾਜ ਦੇ ਵੱਡੇ ਵੱਡੇ ਸੰਗਠਨਾਂ ਦਾ ਕੰਮ ਅਤੇ ਪ੍ਰਬੰਧ ਬਿਨ੍ਹਾਂ ਇਸ ਕਿਸਮ ਦੀ ਸੱਤਾ ਤੇ ਚੱਲ ਹੀ ਨਹੀਂ ਸਕਦਾ ਰੂਲ ਜਾਂ ਕਾਨੂੰਨ ਕਿਉਂਕਿ ਲਿਖੇ ਹੁੰਦੇ ਹਨ ਅਤੇ ਬਹੁਤੇ ਵਾਰੀ ਤਾਂ ਉਹ ਸੰਗਠਨ ਦੇ ਹੋਂਦ ਵਿਚ ਆਉਣ ਤੋਂ ਪਹਿਲੇ ਹੀ ਬਣਾ ਲਏ ਗਏ ਹੁੰਦੇ ਹਨ ਤਾਂ ਜੋ ਉਸ ਸੰਗਠਨ ਦਾ ਕੰਮ ਵਧੀਆ ਢੰਗ ਨਾਲ ਚਲ ਸਕੇ ਅਤੇ ਮਿੱਥੇ ਹੋਏ ਟੀਚੇ ਪ੍ਰਾਪਤ ਕਰ ਸਕੇ। ਅਜਿਹੇ ਕਾਨੂੰਨ ਵਿਚ ਕਿਸੇ ਵਿਅਕਤੀ ਵਿਸ਼ੇਸ਼ ਨੂੰ ਧਿਆਨ ਵਿਚ ਰੱਖ ਕੇ ਨਹੀਂ ਬਣਾਏ ਜਾਂਦੇ ਬਲਕਿ ਉਸ ਸੰਗਠਨ ਦੀਆਂ ਲੋੜਾਂ ਤੇ ਹੱਦਾਂ (needs and limitations) ਨੂੰ ਮੱਦੇ ਨਜ਼ਰ ਰੱਖ ਕੇ ਹੀ ਅਜਿਹਾ ਕੀਤਾ ਜਾਂਦਾ ਹੈ। ਇਹੀ ਇਕ ਵਜਹ ਬਣਦੀ ਹੈ ਜੋ ਇਨ੍ਹਾਂ ਪਦਵੀਆਂ ਤੋਂ ਜਾਰੀ ਹੁਕਮਾਂ ਨੂੰ ਕਾਨੂੰਨ ਦੀ ਮਦਦ ਮਿਲਦੀ ਹੈ।

ਉਦਾਹਰਣ ਵਜੋਂ, ਜੇ ਪੰਜਾਬੀ ਯੂਨੀਵਰਸਿਟੀ ਇਹ ਫੈਸਲਾ ਕਰਦੀ ਹੈ ਕਿ ਉਸ ਨੇ ਦਾਖਲਾ ਟੈਸਟ ਪਾਸ ਕੀਤੇ ਵਿਦਿਆਰਥੀਆਂ 'ਚੋਂ ਹੀ ਕਰਨਾ ਹੈ ਜਿਨ੍ਹਾਂ ਦੇ ਘੱਟੋ ਘੱਟ 35% ਨੰਬਰ ਹੋਣ ਤਾਂ ਕੋਈ ਵੀ ਵਿਦਿਆਰਥੀ ਜਿਸ ਨੂੰ ਦਾਖਲੇ ਤੋਂ ਜਵਾਬ ਮਿਲਿਆ ਹੋਵੇ ਇਹ ਸ਼ਿਕਾਇਤ ਨਹੀਂ ਕਰ ਸਕਦਾ ਕਿ ਉਸ ਨੂੰ ਦਾਖਲਾ ਜਾਣ-ਬੁੱਝ ਕੇ ਨਹੀਂ ਦਿੱਤਾ ਗਿਆ। ਕਿਉਂਕਿ ਯੂਨੀਵਰਸਿਟੀ ਨੇ ਨੰਬਰਾਂ ਦੀ ਹੱਦ ਉਸ ਦੇ ਨੰਬਰਾਂ ਨੂੰ ਦੇਖ ਕੇ ਤਹਿ ਨਹੀਂ ਕੀਤੀ ਬਲਕਿ ਪਹਿਲੋਂ ਹੀ ਸੋਚ ਵਿਚਾਰ ਕੇ ਰੱਖੀ ਗਈ ਸੀ। ਪਰ ਦੂਸਰੇ ਪਾਸੇ ਜੇ ਕਿਸੇ ਵਿਦਿਆਰਥੀ ਦੇ ਨੰਬਰ ਵੀ ਜ਼ਿਆਦਾ ਬਣਦੇ ਹੋਣ ਫੇਰ ਵੀ ਦਾਖਲਾ ਨਾ ਮਿਲੇ ਤਾਂ ਉਹ ਅਦਾਲਤ ਦਾ ਦਰਵਾਜਾ ਖਟਕਾਉਂਦਾ ਹੈ। ਜੇ ਆਦਾਲਤ ਇਸ ਫੈਸਲੇ ਤੇ ਪਹੁੰਚੇ ਕਿ ਇਸ ਨਾਲ ਧੱਕਾ ਹੋਇਆ ਹੈ ਤਾਂ ਅਦਾਲਤ ਹੁਕਮ ਦੇਂਦੀ ਹੈ ਕਿ ਇਸ ਬੇਇਨਸਾਫੀ ਨੂੰ ਦੂਰ ਕੀਤਾ ਜਾਵੇ। ਇਸੇ ਕਰਕੇ ਵੈਬਰ ਕਹਿੰਦਾ ਹੈ ਕਿ ਅਜਿਹੇ ਹੁਕਮ ਜਿਹੜੇ ਕਿਸੇ ਪਦਵੀ ਤੋਂ ਸੰਗਠਨ ਦੇ ਕੰਮਕਾਜ ਨੂੰ ਪੂਰਾ ਕਰਨ ਵਾਸਤੇ ਸੋਚੇ ਸਮਝੇ ਤਰੀਕੇ ਨਾਲ ਲਏ ਜਾਂਦੇ ਹਨ, ਕਾਨੂੰਨ ਵੀ ਉਨ੍ਹਾਂ ਦੀ ਹੀ ਪਿੱਠ ਠੋਕਦਾ ਹੈ। ਇਸੇ ਕਰਕੇ ਇਸ ਸੱਤਾ ਨੂੰ ਕਾਨੂੰਨੀ (legal) ਅਤੇ ਵਿਵੇਕ (rational) ਕਿਹਾ ਜਾਂਦਾ ਹੈ।

**6.5.2 ਰਵਾਇਤੀ ਸੱਤਾ (Traditional Authority) :-** ਇਹ ਉਹ ਸੱਤਾ ਹੁੰਦੀ ਹੈ ਜਿਸ ਵਿਚ ਰਵਾਇਤ ਹਾਵੀ ਹੁੰਦੀ ਹੈ। ਤੁਹਾਡੀ ਆਧੁਨਿਕ ਤਰਕ ਜਾਂ ਵਿਵੇਕ ਇਸ ਦਾ ਆਧਾਰ ਨਹੀਂ ਹੁੰਦੇ ਅਤੇ ਆਮ ਤੌਰ ਤੇ ਇਨ੍ਹਾਂ ਦੋਹਾਂ ਵਿਚ ਦਵੰਦ (conflict) ਵੀ ਪੈਦਾ ਹੋ ਜਾਂਦਾ ਹੈ। ਇਸ ਕਿਸਮ ਦੀ ਸੱਤਾ ਦੀ ਉਚਿੱਤਤਾ ਵੀ ਰਵਾਇਤ 'ਚੋਂ ਪੈਦਾ ਹੁੰਦੀ ਹੈ। ਕੋਈ ਕੰਮ ਕਿਨ੍ਹਾਂ ਸਹੀ ਜਾਂ ਗਲਤ ਹੈ। ਇਸ ਦਾ ਫੈਸਲਾ ਤਰਕ ਜਾਂ ਕਾਨੂੰਨ ਨਹੀਂ ਬਲਕਿ ਰਵਾਇਤ ਕਰਦੀ ਹੈ। ਉਦਾਹਰਣ ਵਜੋਂ, ਸ਼ਹਿਰ ਵਿਚ ਡਿਪਟੀ ਕਮਿਸ਼ਨਰ ਦੇ ਹੁਕਮਾਂ ਦੀ ਪਾਲਣਾ ਹੋਵੇਗੀ, ਇਹ ਤਾਂ ਲਿਖਿਆ ਮਿਲੇਗਾ ਅਤੇ ਜੇ ਕੋਈ ਹੁਕਮ ਅਦੂਲੀ ਕਰਦਾ ਹੈ ਤਾਂ ਕਾਨੂੰਨ ਵਾਜਿਬ ਸਜ਼ਾ ਵੀ ਦਿੰਦਾ ਹੈ ਪਰ ਭਾਈ ਜੀ ਜਾਂ ਪੁਰੋਹਤ ਦਾ ਕਹਿਣਾ ਸਭ ਨੇ ਮੰਨਣਾ ਹੈ ਇਹ ਕਿਤੇ ਨਹੀਂ ਲਿਖਿਆ। ਨਾ ਹੀ ਕੋਈ ਅਦਾਲਤ ਇਨ੍ਹਾਂ ਦੀ ਹੁਕਮ-ਉਦੂਲੀ ਕਰਨ ਵਾਲੇ ਨੂੰ ਕੋਈ ਸਜ਼ਾ ਦਿੰਦੀ ਹੈ। ਫੇਰ ਵੀ ਭਾਈ ਤੇ ਪੁਰੋਹਤ ਦੀ ਸੱਤਾ ਚਲਦੀ ਹੈ। ਉਹ ਧਾਰਮਿਕ ਕਾਰਜ ਉਦੋਂ ਤੱਕ ਸਿਰੇ ਨਹੀਂ ਚੜ੍ਹਦੇ ਜਿੰਨ੍ਹੀ ਦੇਰ ਤੱਕ ਇਨ੍ਹਾਂ ਦੀ ਸਹਿਮਤੀ ਨਾ ਹੋਵੇ। ਵਿਆਹ ਸੱਤ ਫੇਰੇ ਤੇ ਚਾਰ ਲਾਵਾਂ ਲੈ ਕੇ ਹੀ ਸਿਰੇ ਚੜ੍ਹਦਾ ਹੈ ਭਾਵੇਂ ਤੁਸੀਂ ਕਿਤਨੀ ਤਰਕ ਭਰਪੂਰ ਬਹਿਸ ਕਰੋ ਕਿ ਸੱਤ ਦੀ ਥਾਂ ਚਾਰ ਫੇਰੇ ਤੇ ਚਾਰ ਥਾਂ ਦੋ ਲਾਵਾਂ ਹੀ ਕਾਫੀ ਹਨ। ਇਹੋ ਹੈ ਰਵਾਇਤੀ ਸੱਤਾ, ਕਿਉਂਕਿ ਅਜਿਹੇ ਹੁਕਮਾਂ ਤੇ ਕਾਰਜਾਂ ਦੀ ਇਕੋ ਇਕ ਕਸੋਟੀ ਰਵਾਇਤ ਹੈ। ਪਹਿਲੋਂ ਇਸ ਤਰ੍ਹਾਂ ਹੁੰਦਾ ਰਿਹਾ ਹੈ, ਇਸ ਕਰਕੇ ਹੁਣ ਵੀ ਇਸੇ ਤਰ੍ਹਾਂ ਹੀ ਹੋਵੇਗਾ।

**6.5.3 ਕਰਾਮਾਤੀ ਜਾਂ ਚਮਤਕਾਰੀ ਸੱਤਾ (Charismatic Authority) :-** ਇਹ ਸਭ ਤੋਂ ਨਵੇ ਕਲੀ ਕਿਸਮ ਦੀ ਸੱਤਾ ਹੈ। ਇਸ ਵਿਚ ਨਾ ਤਾਂ ਕਿਸੇ ਕਾਨੂੰਨ ਜਾਂ ਤਰਕ ਦਾ ਜ਼ੋਰ ਚਲਦਾ ਹੈ, ਤੇ ਨਾ ਹੀ ਰਵਾਇਤ ਦਾ ਭਾਰ। ਇਸ ਵਿਚ ਕੇਵਲ ਚਮਤਕਾਰ ਹੀ ਹਾਵੀ ਹੈ। ਇਸ ਤੋਂ ਭਾਵ ਹੈ ਕਿ ਸੱਤਾ ਦੀ ਇਹ ਕਿਸਮ ਕੇਵਲ ਖਾਸ ਵਿਅਕਤੀਆਂ ਨਾਲ ਹੀ ਜੁੜੀ ਹੁੰਦੀ ਹੈ। ਉਨ੍ਹਾਂ ਦੀ ਸ਼ਖਸੀਅਤ ਅਤੇ ਬੋਲ-ਬਾਣੀ ਦੇ ਸਦਕਾ ਹੀ ਲੋਕ ਉਨ੍ਹਾਂ ਪਿੱਛੇ ਲੱਗਦੇ ਹਨ ਅਤੇ ਮਰ ਮਿਟਣ ਲਈ ਤਿਆਰ ਹੋ ਜਾਂਦੇ ਹਨ। ਉਹ ਲੀਡਰ ਜੋ ਕਹਿੰਦੇ ਹਨ ਉਨ੍ਹਾਂ ਦੇ ਅਨੁਯਾਈ ਜਾਂ ਚੇਲੇ (followers) ਉਹੀ ਸੱਚ ਮੰਨਣ ਲਈ ਤਿਆਰ ਹੋ ਜਾਂਦੇ ਹਨ ਤੇ ਆਪਣੀ ਜਾਨ ਤੱਕ ਨਿਛਾਵਰ ਕਰ ਦਿੰਦੇ ਹਨ। ਭਾਰਤੀ ਆਜ਼ਾਦੀ ਦੀ ਲੜਾਈ ਵਿਚ ਇਹ ਕੇਵਲ ਮਹਾਤਮਾ ਗਾਂਧੀ ਦੀ ਹੀ ਚਮਤਕਾਰੀ ਸੱਤਾ ਸੀ ਜੋ ਲੋਕ ਡਾਂਡੀ ਮੋਰਚੇ ਦੌਰਾਨ ਅੰਗਰੇਜ਼ ਪੁਲਿਸ ਦੇ ਡੰਡੇ ਖਾ ਕੇ ਫੱਟੜ ਹੋ-ਹੋ ਕੇ ਡਿੱਗੀ ਜਾਂਦੇ ਸਨ ਪਰ ਹੱਥ ਚੱਕ ਕੇ ਸਿਪਾਹੀ ਦੀ ਡਾਂਗ ਨਹੀਂ ਸਨ ਖੋਹਦੇ। ਇਸ ਕਿਸਮ ਦੀ ਚਮਤਕਾਰੀ ਸੱਤਾ ਨਾ ਤਾਂ ਨਹਿਰੂ ਵਿਚ ਸੀ ਤੇ ਨਾ ਸਰਦਾਰ ਪਟੇਲ ਵਿਚ ਇਹੋ ਵਜਹ ਸੀ ਕਿ ਜਦੋਂ ਮਹਾਤਮਾ ਜੀ ਮਰਣ ਵਰਤ ਰੱਖਦੇ ਸਨ ਤਾਂ ਸਾਰੇ ਲੋਕਾਂ ਨੂੰ ਪਿੱਸੂ ਪੈ ਜਾਂਦੇ ਸਨ। ਇਸ ਉਦਾਹਰਣ ਦਾ ਮਤਲਬ ਇਹ ਨਹੀਂ ਕਿ ਨਹਿਰੂ ਦੀ ਸ਼ਖਸੀਅਤ ਕਮਜ਼ੋਰ ਸੀ ਜਾਂ ਉਸ ਕੋਲ ਚਮਤਕਾਰੀ ਸੱਤਾ ਨਹੀਂ ਸੀ। ਪਰ ਇੱਥੇ ਸਵਾਲ ਨਹਿਰੂ ਤੇ ਗਾਂਧੀ ਵਿਚਕਾਰ ਚਮਤਕਾਰੀ ਸੱਤਾ ਦੇ ਮੁਕਾਬਲੇ ਦਾ ਹੈ। ਕਿਸੇ ਵੀ ਲੀਡਰ ਦਾ ਕੱਦ-ਕਾਠ ਉਸ ਦੀ ਚਮਤਕਾਰੀ ਸੱਤਾ ਦੇ ਅਨੁਪਾਤ 'ਚ ਹੀ ਹੁੰਦਾ ਹੈ। ਸਿਕੰਦਰ ਦਾ ਆਪਣਾ ਮਿਆਰ ਸੀ ਜੋ ਨੈਪੋਲੀਅਨ ਦਾ ਨਹੀਂ। ਗੁਰੂ ਗੋਬਿੰਦ ਸਿੰਘ ਦੀ ਆਪਣੀ ਚਮਤਕਾਰੀ ਸੱਤਾ ਸੀ ਜੋ ਬੰਦਾ ਬਹਾਦਰ ਦੀ ਨਹੀਂ। ਪਰ ਇਹ ਸਾਰੇ ਦੇ ਸਾਰੇ ਹੈ ਸਨ ਚਮਤਕਾਰੀ ਸੱਤਾ ਦੇ ਅਧਿਕਾਰੀ ਜਿਨ੍ਹਾਂ ਦੇ ਹੁਕਮਾਂ ਦੀ ਪਾਲਣਾ ਵੱਧ-ਚੜ੍ਹ ਕੇ ਕੀਤੀ ਜਾਂਦੀ ਸੀ।

## 6.6 ਸਾਰ

ਮੈਕਸ ਵੈਬਰ ਦਾ ਸੱਤਾ ਦਾ ਸੰਕਲਪ ਉਸ ਦੇ ਸਮਾਜਿਕ ਕਾਰਜ ਦੇ ਸੰਕਲਪ ਨਾਲ ਜੁੜਿਆ ਹੋਇਆ ਹੈ। ਉਸ ਅਨੁਸਾਰ ਸੱਤਾ ਸ਼ਕਤੀ ਦਾ ਇਕ ਰੂਪ ਹੈ। ਸ਼ਕਤੀ ਇਕ ਅਜਿਹੀ ਸਮਰੱਥਾ ਹੈ ਜਿਸ ਵਿਚ ਸਮਾਜਕ ਪ੍ਰਬੰਧ ਦੇ ਅੰਦਰ ਰਹਿ ਕੇ ਕੋਈ ਵਿਅਕਤੀ ਕਿਸੇ ਸਥਿਤੀ ਵਿਚ ਦੂਸਰੇ ਵਿਅਕਤੀਆਂ ਵੱਲੋਂ ਵਿਰੋਧ

ਕਰਨ ਤੇ ਵੀ ਕਿਸੇ ਨਾ ਕਿਸੇ ਤਰੀਕੇ ਨਾਲ ਉਨ੍ਹਾਂ ਕੋਲੋਂ ਮਨਮਰਜ਼ੀ ਕਰਵਾ ਸਕਦਾ ਹੈ। ਸ਼ਕਤੀ ਜਾਇਜ਼ ਵੀ ਹੋ ਸਕਦੀ ਹੈ ਅਤੇ ਨਾਜਾਇਜ਼ ਵੀ ਪਰ ਸੱਤਾ ਲੋਕਾਂ ਨੂੰ ਵਸ ਵਿਚ ਕਰਨ ਦਾ ਜਾਇਜ਼ ਤਰੀਕਾ ਹੈ। ਆਪਣੇ ਆਪ ਗੱਲ ਮੰਨਣਾ ਜਾਂ ਚਾਹੁਣਾ ਸੱਤਾ ਦਾ ਅੰਗ ਹੁੰਦਾ ਹੈ। ਮੈਕਸ ਵੈਬਰ ਅਨੁਸਾਰ, ਦੂਸਰਿਆਂ ਕੋਲੋਂ ਮਨਵਾਇਆ ਜਾ ਸਕਣ ਵਾਲਾ ਆਦੇਸ਼ ਹੀ ਉਚਿੱਤ ਹੁੰਦਾ ਹੈ। ਸਮਾਜਿਕ ਕਾਰਜ ਆਦੇਸ਼ ਸਹੀ ਹੋਣ ਦੇ ਵਿਸ਼ਵਾਸ ਤੇ ਚਲਦਾ ਹੈ।ਆਦੇਸ਼ ਪਰੰਪਰਾ, ਚਮਤਕਾਰ, ਕਦਰਾਂ ਜਾਂ ਵਿਵੇਕ ਦੇ ਅਨੁਕੂਲ ਹੋਵੇ ਤਾਂ ਹੀ ਵਾਰ ਵਾਰ ਮਨਵਾਇਆ ਜਾ ਸਕਦਾ ਹੈ।

## 6.7 ਮੁੱਖ ਸ਼ਬਦ

**ਉਚਿੱਤਤਾ (Legitimacy) :-** ਹੁਕਮ ਦੀ ਉਚਿੱਤਤਾ ਭਾਵ ਤੁਹਾਡੇ ਮਨ ਵਿਚ ਓਸ ਆਦੇਸ਼ ਦੇ ਠੀਕ ਜਾਂ ਵਾਜ਼ਿਬ ਹੋਣ ਦੀ ਸੰਭਾਵਨਾ ਹੈ। ਤੁਸੀਂ ਹੁਕਮ ਤਾਂ ਹੀ ਮੰਨਦੇ ਹੋ ਜੇਕਰ ਤੁਸੀਂ ਉਸ ਨੂੰ ਉਚਿਤ ਜਾਂ ਵਾਜ਼ਿਬ ਮੰਨਦੇ ਹੋ।

**ਸ਼ਕਤੀ (Power) :-** ਜਦੋਂ ਇਕ ਸਮਾਜਿਕ ਪ੍ਰਾਣੀ ਦੂਸਰੇ ਤੇ ਉਸ ਦੀ ਮਰਜ਼ੀ ਦੇ ਖਿਲਾਫ ਵੀ ਕੋਈ ਕੰਮ ਕਰਵਾ ਸਕੇ।

**ਸੱਤਾ (Authority) :-** ਜਦੋਂ ਸ਼ਕਤੀ ਨੂੰ ਵਿਧਾਨਕ ਮਾਨਤਾ ਪ੍ਰਾਪਤ ਹੋਵੇ ਅਤੇ ਲੋਕ ਆਪਣੀ ਮਰਜ਼ੀ ਨਾਲ ਆਦੇਸ਼ਾਂ ਦੀ ਪਾਲਣਾ ਕਰਨ।ਭਾਵ ਜਦੋਂ ਸ਼ਕਤੀ ਉਚਿੱਤ ਹੋਵੇ।

**ਕਾਨੂੰਨੀ ਵਿਵੇਕੀ ਸੱਤਾ (Legal rational authority)** :- ਇਸ ਕਿਸਮ ਦੀ ਸੱਤਾ ਆਧੁਨਿਕ ਸੰਗਠਨਾਂ ਦੇ ਨਾਲ ਜੁੜੀ ਹੋਈ ਹੈ। ਸੰਗਠਨਾਂ ਦਾ ਕੰਮ ਜਾਂ ਪ੍ਰਬੰਧ ਚਲਾਉਣ ਲਈ ਅਤੇ ਮਿੱਥੇ ਹੋਏ ਟੀਚੇ ਪ੍ਰਾਪਤ ਕਰਨ ਲਈ ਵੱਖ ਵੱਖ ਪਦਵੀਆਂ ਤੇ ਬੈਠੇ ਵੱਖ ਵੱਖ ਅਧਿਕਾਰੀਆਂ ਨੂੰ ਇਹ ਸੱਤਾ ਸੌਂਪੀ ਜਾਂਦੀ ਹੈ ਹੈ ਤਾਂ ਕਿ ਉਹ ਆਪਣੇ ਆਦੇਸ਼ਾਂ ਦੀ ਪਾਲਣਾ ਕਰਵਾ ਸਕਣ ਅਤੇ ਹੁਕਮ ਨਾ ਮੰਨਣ ਵਾਲੇ ਨੂੰ ਕਾਨੂੰਨੀ ਤੌਰ ਤੇ ਸਜ਼ਾ ਦਿਲਵਾ ਸਕਣ।

**ਰਵਾਇਤੀ ਸੱਤਾ (Traditional Authority) :-** ਅਜਿਹੀ ਸੱਤਾ ਤੇ ਰਵਾਇਤ ਹਾਵੀ ਹੁੰਦੀ ਹੈ। ਆਧੁਨਿਕ ਤਰਕ ਜਾਂ ਵਿਵੇਕ ਇਸ ਦਾ ਆਧਾਰ ਨਹੀਂ ਹੁੰਦੇ। ਇਸਦੀ ਇਕੋ ਇਕ ਕਸੋਟੀ ਹੈ ਕਿ ਪਹਿਲਾਂ ਵੀ ਇੰਝ ਹੁੰਦਾ ਰਿਹਾ ਹੈ ਅਤੇ ਹੁਣ ਵੀ ਇਸੇ ਤਰ੍ਹਾਂ ਹੀ ਹੋਵੇਗਾ।

**ਚਮਤਕਾਰੀ ਸੱਤਾ (Charismatic Authority) :-** ਇਹ ਸੱਤਾ ਖਾਸ ਕਿਸਮ ਦੇ ਵਿਅਕਤੀਆਂ ਨਾਲ ਜੁੜੀ ਹੋਈ ਹੁੰਦੀ ਹੈ। ਉਨ੍ਹਾਂ ਦੀ ਸਖਸ਼ੀਅਤ ਤੋਂ ਪ੍ਰਭਾਵਿਤ ਹੋ ਕੇ ਹੀ ਲੋਕ ਉਨ੍ਹਾਂ ਪਿਛੇ ਲੱਗਦੇ ਹਨ ਅਤੇ ਉਨ੍ਹਾਂ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹਨ।

## 6.8 ਅਭਿਆਸ ਲਈ ਪ੍ਰਸ਼ਨ :-

1. ਮੈਕਸ ਵੈਬਰ ਦਾ ਸ਼ਕਤੀ ਦਾ ਸੰਕਲਪ ਕੀ ਹੈ ? ਸੰਖੇਪ ਵਿਚ ਲਿਖੋ।
2. ਮੈਕਸ ਵੈਬਰ ਅਨੁਸਾਰ ਸੱਤਾ ਤੋਂ ਕੀ ਭਾਵ ਹੈ ? ਇਹ ਕਿੰਨੀ ਕਿਸਮ ਦੀ ਹੁੰਦੀ ਹੈ ? ਖੋਲ੍ਹ ਕੇ ਬਿਆਨ ਕਰੋ।
3. ਸੱਤਾ ਦੀਆਂ ਵਿਸ਼ੇਸ਼ਤਾਈਆਂ ਲਿਖੋ।
4. ਸ਼ਕਤੀ ਅਤੇ ਸੱਤਾ ਵਿਚ ਕੀ ਅੰਤਰ ਹੈ ? ਬਿਆਨ ਕਰੋ।

## ਸੰਖੇਪ ਸਵਾਲ

(ੳ) ਉਚਿੱਤਤਾ

(ਅ) ਸ਼ਕਤੀ ਅਤੇ ਸੱਤਾ ਵਿਚ ਕੀ ਅੰਤਰ ਹੈ ?

(ੲ) ਰਵਾਇਤੀ ਸੱਤਾ

(ਸ) ਚਮਤਕਾਰੀ ਸੱਤਾ

## 6.9 ਉਪਯੋਗੀ ਪੁਸਤਕਾਂ


| | | | |
|---|---|---|---|
| 1. | Bendix, Reinhart | : | Max Weber-An intellectual Portrait, Mathuen and Co.,London. 1969. |
| 2. | Jammu & Bhatnagar | : | Samaj Vigyanik Sidhant, (Ank 25, 26, 27) Punjabi University, Patiala. |
| 3. | Raymond Aron | : | Main Currents in Sociological Thought, Doubleday, Garden City, 1970 |
| 4. | Julien Freund | : | The Sociology of Max Weber Penguin. |
| 5. | P.S.Judge | : | Samaj Vigyanik Drishtikon Ate Sidhant Punjabi University, Patiala, 1998. |